Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 336 | 01/06/2026 | www.samajweekly.com | samajweekly | @samajweekly | samajweekly


# ਮਿਆਂਮਾਰ ’ਚ ਵੱਡਾ ਧਮਾਕਾ, 45 ਤੋਂ ਵੱਧ ਮੌਤਾਂ

## ਖਾਣਾਂ ਲਈ ਵਰਤੇ ਜਾਣ ਵਾਲੇ ਵਿਸਫੋਟਕਾਂ ਵਾਲੀ ਇਮਾਰਤ ਵਿਚ ਹੋਇਆ ਧਮਾਕਾ

**ਬੈਂਕਾਕ:** ਉੱਤਰ-ਪੂਰਬੀ ਮਿਆਂਮਾਰ ਦੇ ਨਾਮਖਾਮ ਕਸਬੇ ਦੇ ਕੌਂਗਟੂਪ ਪਿੰਡ ਵਿਚ ਵਾਪਰੇ ਇਕ ਵੱਡੇ ਹਾਦਸੇ ’ਚ 45 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ। ਖਣਨ ਲਈ ਵਿਸਫੋਟਕ ਸਮੱਗਰੀ ਜਮ੍ਹਾਂ ਰੱਖਣ ਵਾਲੀ ਇਕ ਇਮਾਰਤ ਵਿਚ ਹੋਏ ਜ਼ਬਰਦਸਤ ਧਮਾਕੇ ਕਾਰਨ ਲਗਭਗ 70 ਹੋਰ ਜ਼ਖਮੀ ਵੀ ਹੋ ਗਏ।

ਚੀਨ ਦੀ ਸਰਹੱਦ ਤੋਂ ਲਗਭਗ ਤਿੰਨ ਕਿਲੋਮੀਟਰ ਦੂਰ ਸਥਿਤ ਨਾਮਖਾਮ ਟਾਊਨਸ਼ਿਪ ਦੇ ਕਾਉਂਗਟੂਪ ਪਿੰਡ ਵਿਚ ਦੁਪਹਿਰ ਦੇ ਸਮੇਂ ਹੋਇਆ। ਸਥਾਨਕ ਬਚਾਅ ਕਾਰਕੁਨਾਂ ਮੁਤਾਬਕ ਸਥਿਤੀ ਬਹੁਤ ਹੀ ਖੌਫਨਾਕ ਹੈ। ਮੌਕੇ ’ਤੇ ਪਹੁੰਚੇ ਇਕ ਰਾਹਤ ਕਰਮੀ ਨੇ ਅਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ ’ਤੇ ਦਸਿਆ ਕਿ ਸ਼ਾਮ ਤਕ 6 ਬੱਚਿਆਂ ਸਮੇਤ 46 ਲਾਸ਼ਾਂ ਨੂੰ ਬਰਾਮਦ ਕਰ ਲਿਆ ਗਿਆ ਸੀ ਅਤੇ ਉਨ੍ਹਾਂ ਨੂੰ ਅੰਤਿਮ ਸੰਸਕਾਰ ਲਈ ਭੇਜ ਦਿਤਾ ਗਿਆ ਹੈ। ਉਸ ਨੇ ਅੱਗੇ ਦਸਿਆ ਕਿ 74 ਜ਼ਖਮੀ ਲੋਕਾਂ ਨੂੰ ਟਾਊਨਸ਼ਿਪ ਹਸਪਤਾਲ ਲਿਜਾਇਆ ਗਿਆ ਹੈ ਅਤੇ ਰਾਹਤ ਕਾਰਜ ਅਜੇ ਵੀ ਲਗਾਤਾਰ ਜਾਰੀ ਹਨ। ਇਕ ਹੋਰ ਸਥਾਨਕ ਬਚਾਅ ਕਰਮੀ ਨੇ ਪੁਸ਼ਟੀ ਕੀਤੀ ਕਿ ਇਸ ਜ਼ੋਰਦਾਰ ਧਮਾਕੇ ਕਾਰਨ ਆਸ-ਪਾਸ ਦੇ 100 ਤੋਂ ਵੱਧ ਘਰਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।



ਸਥਾਨਕ ਨਿਊਜ਼ ਏਜੰਸੀ ਸਮੇਤ ਮਿਆਂਮਾਰ ਦੇ ਮੀਡੀਆ ਅਦਾਰਿਆਂ ਨੇ ਮਰਨ ਵਾਲਿਆਂ ਦੀ ਗਿਣਤੀ 50 ਤੋਂ 55 ਦੇ ਵਿਚਕਾਰ ਦੱਸੀ ਹੈ।

ਇਹ ਇਲਾਕਾ ਇਸ ਵੇਲੇ ਮਿਆਂਮਾਰ ਦੀ ਸਰਕਾਰ ਵਿਰੁਧ ਲੜ ਰਹੇ ਇਕ ਨਸਲੀ ਹਥਿਆਰਬੰਦ ਸਮੂਹ, ਤਾਅੰਗ ਨੈਸ਼ਨਲ ਲਿਬਰੇਸ਼ਨ ਆਰਮੀ (ਟੀ.ਐਨ.ਐਲ.ਏ.) ਦੇ ਕੰਟਰੋਲ ਹੇਠ ਹੈ। ਟੀ.ਐਨ.ਐਲ.ਏ. ਨੇ ਅਪਣੇ ਟੈਲੀਗ੍ਰਾਮ ਚੈਨਲ ’ਤੇ ਇਕ ਬਿਆਨ ਜਾਰੀ ਕਰਦਿਆਂ ਮੰਨਿਆ ਕਿ ਗੈਲੀਗਨਾਈਟ (ਇਕ ਪ੍ਰਕਾਰ ਦਾ ਵਿਸਫੋਟਕ) ਸਮੂਹ ਦੇ ਆਰਥਕ ਵਿਭਾਗ ਵਲੋਂ ਖਣਨ ਅਤੇ ਪੱਥਰ ਦੀਆਂ ਖਾਣਾਂ ਦੀਆਂ ਥਾਵਾਂ ’ਤੇ ਵਰਤੋਂ ਲਈ ਭੰਡਾਰ ਕੀਤਾ ਗਿਆ ਸੀ। ਉਨ੍ਹਾਂ ਇਹ ਵੀ ਕਿਹਾ ਕਿ ਧਮਾਕੇ ਦੇ ਅਸਲ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿਤੀ ਗਈ ਹੈ।

ਮਾਹਰਾਂ ਮੁਤਾਬਕ ਗੈਲੀਗਨਾਈਟ ਦੀ ਵਰਤੋਂ ਪੱਥਰ ਤੋੜਨ ਲਈ ਹੁੰਦੀ ਹੈ, ਪਰ ਜੇਕਰ ਇਸ ਨੂੰ ਸਹੀ ਤਰੀਕੇ ਨਾਲ ਨਾ ਰੱਖਿਆ ਜਾਵੇ, ਤਾਂ ਇਹ ਸਮੇਂ ਦੇ ਨਾਲ ਬਹੁਤ ਅਸਥਿਰ ਅਤੇ ਖਤਰਨਾਕ ਹੋ ਜਾਂਦਾ ਹੈ। ਫਿਲਹਾਲ ਸਥਾਨਕ ਪ੍ਰਸ਼ਾਸਨ ਅਤੇ ਬਚਾਅ ਟੀਮਾਂ ਪ੍ਰਭਾਵਤ ਲੋਕਾਂ ਨੂੰ ਡਾਕਟਰੀ ਸਹਾਇਤਾ ਅਤੇ ਮੁੜ ਵਸੇਬਾ ਪ੍ਰਦਾਨ ਕਰਨ ਵਿਚ ਜੁਟੀਆਂ ਹੋਈਆਂ ਹਨ।

# ਯੂਕਰੇਨ ਨੇ ਰੂਸੀ ਊਰਜਾ ਟਿਕਾਣਿਆਂ 'ਤੇ ਕੀਤੇ ਡਰੋਨ ਹਮਲੇ

**ਮਾਸਕੋ:** ਯੂਕਰੇਨ ਨੇ ਐਤਵਾਰ ਸਵੇਰੇ ਰੂਸ ਦੇ ਊਰਜਾ ਟਿਕਾਣਿਆਂ 'ਤੇ ਫਿਰ ਹਮਲੇ ਕੀਤੇ ਅਤੇ ਰੂਸ ਦੇ ਉਨ੍ਹਾਂ ਦਾਅਵਿਆਂ ਦਾ ਖੰਡਨ ਕੀਤਾ ਕਿ ਇੱਕ ਯੂਕਰੇਨੀ ਡਰੋਨ ਨੇ ਰੂਸ ਦੇ ਕਬਜ਼ੇ ਵਾਲੇ ਇੱਕ ਮਹੱਤਵਪੂਰਨ ਪਰਮਾਣੂ ਪਲਾਂਟ ਨੂੰ ਨਿਸ਼ਾਨਾ ਬਣਾਇਆ ਸੀ।

ਗਵਰਨਰ ਯੂਰੀ ਸਲੀਸਰ ਨੇ ਐਤਵਾਰ ਨੂੰ ਟੈਲੀਗ੍ਰਾਮ 'ਤੇ ਕਿਹਾ ਕਿ ਰੂਸ ਦੇ ਦੱਖਣ-ਪੱਛਮੀ ਰੋਸਤੋਵ ਖੇਤਰ ਵਿੱਚ ਡਰੋਨ ਦੇ ਮਲਬੇ ਕਾਰਨ ਇੱਕ ਬਾਲਣ ਭੰਡਾਰਨ ਕੇਂਦਰ (ਫਿਊਲ ਸਟੋਰੇਜ) ਵਿੱਚ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਆਸ-ਪਾਸ ਰਹਿਣ ਵਾਲੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ।

ਉੱਥੇ ਹੀ, ਗਵਰਨਰ ਰੋਮਨ ਬੁਸਾਰਗਿਨ ਅਨੁਸਾਰ, ਡਰੋਨ ਹਮਲਿਆਂ ਵਿੱਚ ਦੱਖਣ-ਪੱਛਮੀ ਰੂਸ ਦੇ ਸਾਰਾਤੋਵ ਸੂਬੇ ਵਿੱਚ ਨਾਗਰਿਕ ਬੁਨਿਆਦੀ ਢਾਂਚੇ ਨੂੰ ਵੀ ਨੁਕਸਾਨ ਪਹੁੰਚਿਆ ਹੈ।

ਰੂਸ ਦੇ ਸੁਤੰਤਰ ਸਮਾਚਾਰ ਚੈਨਲ 'ਐਸਟਰਾ' ਨੇ ਦੱਸਿਆ ਕਿ ਖੇਤਰੀ ਰਾਜਧਾਨੀ ਸਾਰਾਤੋਵ



ਵਿੱਚ ਇੱਕ ਤੇਲ ਰਿਫਾਇਨਰੀ ਵਿੱਚ ਅੱਗ ਲੱਗ ਗਈ। ਯੂਕਰੇਨ ਨੇ ਹਾਲ ਹੀ ਦੇ ਮਹੀਨਿਆਂ ਵਿੱਚ ਰੂਸ ਦੇ ਤੇਲ ਅਤੇ ਗੈਸ ਟਿਕਾਣਿਆਂ 'ਤੇ ਹਮਲੇ ਤੇਜ਼ ਕਰ ਦਿੱਤੇ ਹਨ।

ਇਸ ਦੌਰਾਨ, ਕੀਵ (ਯੂਕਰੇਨ ਦੀ ਰਾਜਧਾਨੀ) ਨੇ ਰੂਸ ਦੇ ਉਨ੍ਹਾਂ ਦਾਅਵਿਆਂ ਨੂੰ ਨਕਾਰ ਦਿੱਤਾ ਹੈ ਕਿ ਇੱਕ ਯੂਕਰੇਨੀ ਡਰੋਨ ਨੇ ਰੂਸ ਦੇ ਕਬਜ਼ੇ ਵਾਲੇ ਜ਼ਪੋਰਿਜ਼ੀਆ ਪਰਮਾਣੂ ਪਲਾਂਟ 'ਤੇ ਹਮਲਾ ਕੀਤਾ ਸੀ, ਜੋ ਕਿ ਯੂਕਰੇਨ ਅਤੇ ਯੂਰਪ ਦਾ ਸਭ ਤੋਂ ਵੱਡਾ ਪਰਮਾਣੂ ਪਲਾਂਟ ਹੈ।ਰੂਸੀ ਫੌਜ ਨੇ ਯੁੱਧ ਦੇ ਸ਼ੁਰੂਆਤੀ ਹਫ਼ਤਿਆਂ ਵਿੱਚ ਇਸ ਪਲਾਂਟ 'ਤੇ ਕਬਜ਼ਾ ਕਰ ਲਿਆ ਸੀ ਅਤੇ ਇਹ ਦੱਖਣੀ ਜ਼ਪੋਰਿਜ਼ੀਆ ਖੇਤਰ ਵਿੱਚ ਫਰੰਟ ਲਾਈਨ ਦੇ ਨੇੜੇ ਸਥਿਤ ਹੈ। ਇਹ ਉਨ੍ਹਾਂ ਚਾਰ ਖੇਤਰਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਰੂਸ ਨੇ ਰਸਮੀ ਤੌਰ 'ਤੇ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ।

# ਨੇਪਾਲ ਦੇ ਪ੍ਰਧਾਨ ਮੰਤਰੀ ਸ਼ਾਹ ਦੀ ਭਾਰਤੀ ਇਲਾਕਿਆਂ 'ਤੇ ਕਬਜ਼ਾ ਕਰਨ ਸੰਬੰਧੀ ਟਿੱਪਣੀ ਉੱਤੇ ਛਿੜਿਆ ਵਿਵਾਦ

**ਕਾਠਮੰਡੂ।** ਨੇਪਾਲ ਦੇ ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਨੇ ਐਤਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਉਨ੍ਹਾਂ ਦੇ ਦੇਸ਼ (ਨੇਪਾਲ) ਨੇ ਭਾਰਤ ਦੇ ਕੁਝ ਇਲਾਕਿਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੇ ਇਹ ਗੱਲ ਸੰਸਦ ਦੇ ਅੰਦਰ ਕਾਫ਼ੀ ਸਮੇਂ ਤੋਂ ਚੱਲ ਰਹੇ ਸਰਹੱਦੀ ਝਗੜੇ ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਹੀ। ਸ਼ਾਹ ਨੇ ਇਹ ਵੀ ਕਿਹਾ ਕਿ ਦੋਵੇਂ ਦੇਸ਼ ਇਸ ਸਮੱਸਿਆ ਦੇ ਹੱਲ ਲਈ ਇਤਿਹਾਸਕਾਰਾਂ, ਸਰਵੇਖਣਕਾਰਾਂ ਅਤੇ ਮਾਹਰਾਂ ਦੀ ਮਦਦ ਲੈਣ 'ਤੇ ਸਹਿਮਤ ਹੋਏ ਹਨ। ਉਨ੍ਹਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਨੇਪਾਲ ਨੇ ਇਸ ਮੁੱਦੇ 'ਤੇ ਚੀਨ ਅਤੇ ਬ੍ਰਿਟੇਨ ਨਾਲ ਡਿਪਲੋਮੈਟਿਕ ਚਰਚਾ ਵੀ ਕੀਤੀ ਹੈ।



ਨੇਪਾਲ ਅਤੇ ਭਾਰਤ ਵਿਚਾਲੇ ਕਾਲਾਪਾਣੀ, ਲਿਪੁਲੇਖ ਅਤੇ ਲਿਮਪੀਆਧੁਰਾ ਇਲਾਕਿਆਂ ਨੂੰ ਲੈ ਕੇ ਕਾਫ਼ੀ ਪੁਰਾਣਾ ਸਰਹੱਦੀ ਵਿਵਾਦ ਚੱਲ ਰਿਹਾ ਹੈ, ਜਿਨ੍ਹਾਂ 'ਤੇ ਦੋਵੇਂ ਦੇਸ਼ ਆਪਣਾ-ਆਪਣਾ ਹੱਕ ਜਤਾਉਂਦੇ ਹਨ। ਭਾਰਤ ਦਾ ਮੰਨਣਾ ਹੈ ਕਿ ਇਹ ਥਾਵਾਂ ਉੱਤਰਾਖੰਡ ਸੂਬੇ ਦਾ ਹਿੱਸਾ ਹਨ ਅਤੇ ਇਸ ਮਸਲੇ ਨੂੰ ਦੋਵਾਂ ਦੇਸ਼ਾਂ ਨੂੰ ਆਪਸੀ ਗੱਲਬਾਤ ਰਾਹੀਂ ਸੁਲਝਾਉਣਾ ਚਾਹੀਦਾ ਹੈ।ਸ਼ਾਹ ਨੇ ਸੰਸਦ ਨੂੰ ਦੱਸਿਆ, "ਨੇਪਾਲ ਸਰਕਾਰ ਨੇ ਭਾਰਤ ਨੂੰ ਅਧਿਕਾਰਤ ਤੌਰ 'ਤੇ ਇਕ ਡਿਪਲੋਮੈਟਿਕ ਨੋਟ ਭੇਜਿਆ ਹੈ, ਜਿਸ ਵਿੱਚ ਭਾਰਤ ਵੱਲੋਂ ਲਿਪੁਲੇਖ ਸਮੇਤ ਵੱਖ-ਵੱਖ ਖੇਤਰਾਂ 'ਤੇ ਕਬਜ਼ੇ ਦੇ ਮੁੱਦੇ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਸਾਨੂੰ ਉਨ੍ਹਾਂ ਦਾ ਜਵਾਬ ਪਹਿਲਾਂ ਹੀ ਮਿਲ ਚੁੱਕਾ ਹੈ। ਦੋਵਾਂ ਦੇਸ਼ਾਂ ਨੇ ਇਤਿਹਾਸਕਾਰਾਂ, ਸਰਵੇਖਣਕਾਰਾਂ ਅਤੇ ਸੰਬੰਧਿਤ ਮਾਹਰਾਂ ਦੀ ਮਦਦ ਨਾਲ ਆਪਸੀ ਗੱਲਬਾਤ ਰਾਹੀਂ ਇੱਕਠੇ ਬੈਠ ਕੇ ਇਸ ਮੁੱਦੇ ਨੂੰ ਹੱਲ ਕਰਨ 'ਤੇ ਸਹਿਮਤੀ ਜਤਾਈ ਹੈ।"

ਹਾਲਾਂਕਿ, ਉਨ੍ਹਾਂ ਨੇ ਇਹ ਵੀ ਕਿਹਾ ਕਿ ਸਿਰਫ਼ ਭਾਰਤ ਨੇ ਹੀ ਨਹੀਂ, ਬਲਕਿ ਨੇਪਾਲ ਨੇ ਵੀ ਭਾਰਤ ਨਾਲ ਅਜਿਹਾ ਹੀ ਕੀਤਾ ਹੈ।ਸ਼ਾਹ ਨੇ ਕਿਹਾ, "ਤੁਹਾਨੂੰ ਇੱਕ ਤੱਥ ਜਾਣ ਕੇ ਹੈਰਾਨੀ ਹੋਵੇਗੀ ਜੋ ਮੈਨੂੰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹੀ ਪਤਾ ਲੱਗਾ। ਨਾ ਸਿਰਫ਼ ਭਾਰਤ ਨੇ ਨੇਪਾਲੀ ਖੇਤਰਾਂ 'ਤੇ ਕਬਜ਼ਾ ਕੀਤਾ ਹੈ, ਸਗੋਂ ਨੇਪਾਲ ਨੇ ਵੀ ਕਈ ਥਾਵਾਂ 'ਤੇ ਭਾਰਤੀ ਖੇਤਰਾਂ 'ਤੇ ਕਬਜ਼ਾ ਕੀਤਾ ਹੈ। ਹੁਣ ਦੋਵਾਂ ਦੇਸ਼ਾਂ ਨੂੰ ਤੱਥਾਂ ਦਾ ਅਧਿਐਨ ਕਰਨਾ ਚਾਹੀਦਾ ਹੈ ਅਤੇ ਦੋਸਤਾਨਾ ਤਰੀਕੇ ਨਾਲ ਇੱਕਠੇ ਬੈਠ ਕੇ ਇਸ ਮੁੱਦੇ ਦਾ ਹੱਲ ਕਰਨਾ ਚਾਹੀਦਾ ਹੈ।"

# ਤਮਿਲਨਾਡੂ: ਰਾਜ ਸਭਾ ਨਾਮਜ਼ਦਗੀ ਪ੍ਰਕਿਰਿਆ ਸੋਮਵਾਰ ਤੋਂ, ਟੀਵੀਕੇ ਨੂੰ ਪਹਿਲੀ ਵਾਰ ਉਚ ਸਦਨ ਵਿੱਚ ਸੀਟ ਮਿਲਣ ਦੀ ਸੰਭਾਵਨਾ

**ਚੇਨਈ:** ਤਮਿਲਨਾਡੂ ਤੋਂ ਰਾਜ ਸਭਾ ਦੀ ਇੱਕ ਸੀਟ ਨੂੰ ਭਰਨ ਲਈ ਨਾਮਜ਼ਦਗੀ ਪ੍ਰਕਿਰਿਆ ਸੋਮਵਾਰ ਤੋਂ ਸ਼ੁਰੂ ਹੋਵੇਗੀ ਅਤੇ ਸੱਤਾਧਾਰੀ ਤਮਿਲਗਾ ਵੇਤਰੀ ਕੜਗਮ (ਟੀਵੀਕੇ) ਨੂੰ ਉਚ ਸਦਨ (ਰਾਜ ਸਭਾ) ਵਿੱਚ ਪਹਿਲੀ ਸੀਟ ਮਿਲਣ ਦੀ ਉਮੀਦ ਹੈ। ਆਲ ਇੰਡੀਆ ਅੰਨਾ ਦ੍ਰਵਿੜ ਮੁਨੇਤਰ ਕੜਗਮ (AIADMK) ਦੇ ਆਗੂ ਸੀ. ਵੀ. ਸ਼ਣਮੁਗਮ ਨੇ ਮੈਲਾਮ ਵਿਧਾਨ ਸਭਾ ਹਲਕੇ ਤੋਂ ਜਿੱਤ ਹਾਸਲ ਕਰਨ ਤੋਂ ਬਾਅਦ 7 ਮਈ, 2026 ਨੂੰ ਰਾਜ ਸਭਾ ਤੋਂ ਅਸਤੀਫਾ ਦੇ ਦਿੱਤਾ ਸੀ, ਜਿਸ ਤੋਂ ਬਾਅਦ ਇਹ ਸੀਟ ਖਾਲੀ ਹੋ ਗਈ ਸੀ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਟੀਵੀਕੇ ਇਸ ਸੀਟ ਲਈ ਖੁਦ ਮੈਦਾਨ ਵਿੱਚ ਉਤਰੇਗੀ ਜਾਂ ਇਸ ਨੂੰ



ਆਪਣੇ ਕਿਸੇ ਗਠਜੋੜ ਸਹਿਯੋਗੀ, ਖਾਸ ਕਰਕੇ ਕਾਂਗਰਸ ਨੂੰ ਅਲਾਟ ਕਰੇਗੀ। ਸੂਬਾ ਵਿਧਾਨ ਸਭਾ ਚੋਣਾਂ ਤੋਂ ਬਾਅਦ ਟੀਵੀਕੇ ਕੋਲ ਸਰਕਾਰ ਬਣਾਉਣ ਲਈ ਲੋੜੀਂਦਾ ਬਹੁਮਤ ਨਹੀਂ ਸੀ, ਜਿਸ ਦੌਰਾਨ ਕਾਂਗਰਸ ਉਸ ਨੂੰ ਸਮਰਥਨ ਦੇਣ ਵਾਲੀ ਪਹਿਲੀ ਪਾਰਟੀ ਸੀ। ਚੋਣ ਕਮਿਸ਼ਨ (ਈਸੀ) ਦੇ ਸੂਤਰਾਂ ਅਨੁਸਾਰ, ਨਾਮਜ਼ਦਗੀ ਪੱਤਰ 1 ਤੋਂ 8 ਜੂਨ ਤੱਕ ਦਾਖਲ ਕੀਤੇ ਜਾ ਸਕਦੇ ਹਨ ਅਤੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ 9 ਜੂਨ ਨੂੰ ਹੋਵੇਗੀ। ਨਾਮਜ਼ਦਗੀ ਵਾਪਸ ਲੈਣ ਦੀ ਆਖਰੀ ਮਿਤੀ 11 ਜੂਨ ਹੈ। ਵੋਟਿੰਗ 18 ਜੂਨ ਨੂੰ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗੀ। ਵੋਟਾਂ ਦੀ ਗਿਣਤੀ ਉਸੇ ਦਿਨ ਸ਼ਾਮ 5 ਵਜੇ ਸ਼ੁਰੂ ਹੋਵੇਗੀ।

# ਭਾਰਤ ਪਹੁੰਚੀ ਟਰੰਪ ਦੀ ਧੀ ਟਿਫਨੀ, ਪਤੀ ਨਾਲ ਵੇਖਿਆ ਤਾਜ ਮਹਿਲ

**ਨਵੀਂ ਦਿਲੀ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧੀ, ਟਿਫਨੀ, ਸ਼ਨੀਵਾਰ ਨੂੰ ਆਪਣੇ ਪਤੀ, ਮਾਈਕਲ ਬੋਲੋਸ ਨਾਲ ਆਗਰਾ ਪਹੁੰਚੀ। ਦੋਵਾਂ ਨੇ ਤਾਜ ਮਹਿਲ ਕੰਪਲੈਕਸ ਵਿੱਚ ਲਗਭਗ ਇੱਕ ਘੰਟਾ ਬਿਤਾਇਆ। ਟਿਫਨੀ ਤਾਜ ਮਹਿਲ ਦੀ ਸੁੰਦਰਤਾ ਤੋਂ ਬਹੁਤ ਖੁਸ਼ ਲੱਗ ਰਹੀ ਸੀ। ਉਸਨੇ ਗਾਈਡ ਰਮੇਸ਼ ਦੀਵਾਨ ਨੂੰ ਪੁੱਛਿਆ, "ਤਾਜ ਮਹਿਲ ਵਿੱਚ ਵਰਤਿਆ ਜਾਣ ਵਾਲਾ ਸੰਗਮਰਮਰ ਕਿੱਥੋਂ ਆਇਆ? ਇੰਨੀ ਸੁੰਦਰਤਾ ਕਿਵੇਂ ਉਕਰਾਈ ਗਈ?" ਰਮੇਸ਼ ਨੇ ਜਵਾਬ ਦਿੱਤਾ, "ਸੰਗਮਰਮਰ ਕਿਤੇ ਤੋਂ ਆਯਾਤ ਨਹੀਂ ਕੀਤਾ ਗਿਆ ਸੀ। ਇਹ ਭਾਰਤ ਤੋਂ ਸੀ।" ਨੱਕਾਸ਼ੀ ਵਿੱਚ ਵਰਤੇ ਗਏ ਪੱਥਰਾਂ ਬਾਰੇ, ਉਸ ਨੇ ਦੱਸਿਆ ਕਿ ਉਹ ਸਿਰਫ਼ ਭਾਰਤ ਤੋਂ ਹੀ ਨਹੀਂ, ਸਗੋਂ ਅਫਰੀਕਾ ਅਤੇ ਯਮਨ ਵਰਗੇ ਦੇਸ਼ਾਂ ਤੋਂ ਲਿਆਂਦੇ ਗਏ ਸਨ। ਟਿਫਨੀ ਅਤੇ ਮਾਈਕਲ ਡਾਇਨਾ ਨੇ ਤਾਜ ਮਹਿਲ ਅੱਗੇ



ਯਾਦਗਾਰੀ ਤਸਵੀਰਾਂ ਕਰਵਾਈਆਂ। ਉਨ੍ਹਾਂ ਨੇ ਆਪਣੇ ਸਟਾਫ ਨਾਲ ਇੱਕ ਗਰੁੱਪ ਫੋਟੋ ਵੀ ਕਰਵਾਈ। ਟਿਫਨੀ ਨੇ ਸੰਤਰੀ ਰੰਗ ਦੀ ਲੰਬੀ ਡਰੈੱਸ ਪਾਈ ਹੋਈ ਸੀ, ਜਦੋਂ ਕਿ ਮਾਈਕਲ ਨੇ ਟੀ-ਸ਼ਰਟ ਅਤੇ ਪੈਂਟ ਪਹਿਨੇ ਹੋਏ ਸਨ। ਇਸ ਤੋਂ ਪਹਿਲਾਂ, ਟਿਫਨੀ ਦਾ ਚਾਰਟਰਡ ਜਹਾਜ਼ ਸਵੇਰੇ 11:30 ਵਜੇ ਖੇਰੀਆ ਹਵਾਈ ਅੱਡੇ 'ਤੇ ਉਤਰਿਆ। ਉੱਥੋਂ, ਹੋਟਲ ਜਾਣ ਦੀ ਬਜਾਏ, ਉਸ ਦਾ ਕਾਫਲਾ ਸਿੱਧਾ ਤਾਜ ਮਹਿਲ ਆਇਆ। ਇੱਕ ਗੋਲਫ ਕਾਰਟ ਵਿੱਚ ਬੈਠ ਕੇ, ਟਿਫਨੀ ਅਤੇ ਮਾਈਕਲ ਤਾਜ ਮਹਿਲ ਕੰਪਲੈਕਸ ਵਿੱਚ ਦਾਖਲ ਹੋਏ, ਆਪਣੇ ਹੱਥ ਜੋੜ ਕੇ ਅਤੇ ਲੋਕਾਂ ਦਾ ਧੰਨਵਾਦ ਕੀਤਾ। ਭਾਰਤ ਵਿੱਚ ਅਮਰੀਕੀ ਰਾਜਦੂਤ ਸਰਜੀਓ ਗੋਰ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਤਾਜ ਮਹਿਲ ਛੱਡਣ ਤੋਂ ਬਾਅਦ, ਟਿਫਨੀ ਅਤੇ ਮਾਈਕਲ ਅਮਰ ਵਿਲਾਸ ਪੈਲੇਸ ਹੋਟਲ ਵੱਲ ਚਲੇ ਗਏ। ਟਿਫਨੀ ਜਿਸ ਕਮਰੇ ਵਿੱਚ ਰਹਿ ਰਹੀ ਹੈ, ਉਸ ਤੋਂ ਤਾਜ ਮਹਿਲ ਸਾਫ਼ ਦਿਖਾਈ ਦਿੰਦਾ ਹੈ।

# ਲਾਸ਼ ਲੈ ਕੇ ਜਾ ਰਹੇ ਪਰਿਵਾਰ ਦੀ ਕਾਰ ਖੱਡ ਵਿੱਚ ਡਿੱਗਣ ਕਾਰਨ 3 ਵਿਅਕਤੀਆਂ ਦੀ ਮੌਤ, 3 ਗੰਭੀਰ ਜ਼ਖ਼ਮੀ



**ਚਮੋਲੀ।** ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਦੇਹਰਾਦੂਨ ਤੋਂ ਪ੍ਰਵਾਰਕ ਮੈਂਬਰ ਦੀ ਲਾਸ਼ ਲੈ ਕੇ ਜਾ ਰਹੀ ਇੱਕ ਈਕੋ ਵੈਨ ਲਵਾਨੀ ਖੇਤਰ ਦੇ ਨੇੜੇ 400 ਤੋਂ 500 ਮੀਟਰ ਡੂੰਘੀ ਖੱਡ ਵਿੱਚ ਡਿੱਗ ਗਈ। ਹਾਦਸੇ ਵਿਚ ਇੱਕ ਹੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਤਿੰਨ ਹੋਰ ਗੰਭੀਰ ਜ਼ਖ਼ਮੀ ਹੋ ਗਏ। ਇਹ ਘਟਨਾ ਅੱਜ ਸਵੇਰੇ ਵਾਪਰੀ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲੀਸ, ਐਨਡੀਆਰਐਫ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ ਤੇ ਪਹੁੰਚੀਆਂ। ਦੁਰਘਟਨਾ ਵਾਲੀ ਖੱਡ ਵਿੱਚ ਉਤਰ ਕੇ ਬਚਾਅ ਅਤੇ ਰਾਹਤ ਕਾਰਜ ਸ਼ੁਰੂ ਕੀਤਾ ਗਿਆ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਬੈਂਕ (ਲੋਹਾਜੰਗ) ਪਿੰਡ ਦਾ ਰਹਿਣ ਵਾਲਾ ਬਲਬੀਰ ਸਿੰਘ ਆਪਣੇ ਪਰਿਵਾਰਕ ਮੈਂਬਰ, ਸਵਰਗੀ ਭਜਨ ਸਿੰਘ ਦੀ ਲਾਸ਼ ਨੂੰ ਦੇਹਰਾਦੂਨ ਤੋਂ ਪਿੰਡ ਲਿਆ ਰਿਹਾ ਸੀ। ਗੱਡੀ ਵਿੱਚ ਪਰਿਵਾਰ ਦੇ ਹੋਰ ਮੈਂਬਰ ਵੀ ਸਵਾਰ ਸਨ। ਲਵਾਨੀ ਦੇ ਜੰਗਲੀ ਖੇਤਰ ਵਿੱਚ ਪਹੁੰਚਣ ਤੇ, ਗੱਡੀ ਅਚਾਨਕ ਕੰਟਰੋਲ ਤੋਂ ਬਾਹਰ ਹੋ ਗਈ ਅਤੇ ਇੱਕ ਡੂੰਘੀ ਖੱਡ ਵਿੱਚ ਡਿੱਗ ਗਈ। ਪੁਲੀਸ ਨੂੰ ਸ਼ੱਕ ਹੈ ਕਿ ਡਰਾਈਵਰ ਨੂੰ ਨੀਂਦ ਆਉਣ ਕਾਰਨ ਇਹ ਹਾਦਸਾ ਵਾਪਰਿਆ। ਮ੍ਰਿਤਕਾਂ ਦੀ ਪਛਾਣ ਬਲਬੀਰ ਸਿੰਘ (52), ਉਨ੍ਹਾਂ ਦੀ ਪਤਨੀ ਸ਼ਾਂਤੀ ਦੇਵੀ (48) ਅਤੇ ਪੁੱਤਰ ਅੰਸ਼ੂ ਬਿਸ਼ਟ (18) ਵਜੋਂ ਹੋਈ ਹੈ। ਕਵਿਤਾ ਦੇਵੀ (32), ਮਯੰਕ ਸਿੰਘ (8) ਅਤੇ ਰੋਸ਼ਨੀ (18) ਗੰਭੀਰ ਜ਼ਖ਼ਮੀ ਹੋ ਗਏ। ਮੁੱਢਲੀ ਸਹਾਇਤਾ ਤੋਂ ਬਾਅਦ, ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਜਾਰੀ ਹੈ।

# ਅਜਨਾਲਾ ਦੇ ਸੱਕੀ ਨਾਲੇ ’ਚ ਡੁੱਬੇ 16 ਸਾਲ ਦੇ ਨੌਜਵਾਨ ਦੀ ਲਾਸ਼ ਹੋਈ ਬਰਾਮਦ



**ਅਜਨਾਲਾ :** ਦੋ ਦਿਨ ਪਹਿਲਾਂ ਅਜਨਾਲਾ ਸ਼ਹਿਰ ਨਾਲ ਵਗਦੇ ਸੱਕੀ ਨਾਲੇ ਵਿਚ ਡੁੱਬੇ 16 ਸਾਲਾ ਨੌਜਵਾਨ ਦੀ ਲਾਸ਼ ਅੱਜ ਸਵੇਰੇ ਬਰਾਮਦ ਹੋ ਗਈ ਹੈ। ਅੱਤ ਦੀ ਗਰਮੀ ਕਰਕੇ 29 ਮਈ ਨੂੰ ਨੌਜਵਾਨ ਅਮਨਦੀਪ ਆਪਣੇ ਦੋਸਤਾਂ ਨਾਲ ਨਹਾਉਣ ਲਈ ਸੱਕੀ ਨਾਲੇ ਗਿਆ ਸੀ, ਜਿੱਥੇ ਉਹ ਪਾਣੀ ਦੇ ਤੇਜ਼ ਵਹਾਅ ਵਿਚ ਫ਼ਸ ਕੇ ਡੁੱਬ ਗਿਆ ਸੀ। ਘਟਨਾ ਤੋਂ ਬਾਅਦ ਪਰਿਵਾਰਕ ਮੈਂਬਰਾਂ ਅਤੇ ਇਲਾਕਾ ਨਿਵਾਸੀਆਂ ਵਲੋਂ ਲਗਾਤਾਰ ਨੌਜਵਾਨ ਦੀ ਭਾਲ ਕੀਤੀ ਜਾ ਰਹੀ ਸੀ ਅਤੇ ਬਚਾਅ ਟੀਮਾਂ ਵਲੋਂ ਵੀ ਖੋਜ ਮੁਹਿੰਮ ਚਲਾਈ ਗਈ, ਜਿਸ ਦੌਰਾਨ ਅੱਜ ਸਵੇਰੇ ਨੌਜਵਾਨ ਦੀ ਲਾਸ਼ ਸੱਕੀ ਨਾਲੇ ਵਿਚੋਂ ਬਰਾਮਦ ਕਰ ਲਈ ਗਈ। ਅਮਨਦੀਪ ਦੀ ਲਾਸ਼ ਮਿਲਣ ਦੀ ਖ਼ਬਰ ਸੁਣਦੇ ਹੀ ਪਰਿਵਾਰ ਵਿਚ ਸੋਗ ਦੀ ਲਹਿਰ ਦੌੜ ਗਈ। ਮਾਪਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪੂਰੇ ਇਲਾਕੇ ਵਿਚ ਵੀ ਗਮ ਦਾ ਮਾਹੌਲ ਬਣਿਆ ਹੋਇਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਭਾਬੀ ਵੱਲੋਂ ਵਿਆਹ ਦੇ ਪ੍ਰਸਤਾਵ ਨੂੰ ਠੁਕਰਾਏ ਜਾਣ ਤੋਂ ਬਾਅਦ, ਆਦਮੀ ਨੇ ਆਪਣੇ ਡੇਢ ਸਾਲ ਦੇ ਭਤੀਜੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ

**ਉੱਤਰ ਪ੍ਰਦੇਸ਼।** ਇੱਕ ਨੌਜਵਾਨ ਨੇ ਡੇਢ ਸਾਲ ਦੇ ਬੱਚੇ ਨੂੰ ਸੜਕ 'ਤੇ ਵਾਰ-ਵਾਰ ਕੁੱਟ-ਕੁੱਟ ਕੇ ਮਾਰ ਦਿੱਤਾ। ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਤੋਂ ਆਈ ਇਸ ਭਿਆਨਕ ਅਤੇ ਦਿਲ ਦਹਿਲਾ ਦੇਣ ਵਾਲੀ ਘਟਨਾ ਦੀ ਸੀਸੀਟੀਵੀ ਫੁਟੇਜ ਲੋਕਾਂ ਵਿੱਚ ਡਰ ਪੈਦਾ ਕਰੇਗੀ। ਵਿਆਹ ਦੇ ਪ੍ਰਸਤਾਵ ਨੂੰ ਠੁਕਰਾਏ ਜਾਣ ਤੋਂ ਬਾਅਦ ਗੁੱਸੇ ਵਿੱਚ ਆ ਕੇ, ਦੋਸ਼ੀ ਜਤਿੰਦਰ ਪਾਠਕ ਨੂੰ ਲੱਗਿਆ ਕਿ ਮਾਸੂਮ ਬੱਚਾ ਉਸਦੇ ਰਾਹ ਵਿੱਚ ਇੱਕ ਰੁਕਾਵਟ ਹੈ। ਉਹ ਬੱਚੇ ਨੂੰ ਟੌਫੀ ਖਰੀਦਣ ਦੇ ਬਹਾਨੇ ਲੈ ਗਿਆ ਅਤੇ ਬੇਰਹਿਮੀ ਨਾਲ ਉਸਦੀ ਹੱਤਿਆ ਕਰ ਦਿੱਤੀ।

ਆਓ ਸੋਸ਼ਲ ਮੀਡੀਆ 'ਤੇ ਚਰਚਾ ਦੇ ਵਿਸ਼ੇ ਦੀ ਪੜਚੋਲ ਕਰੀਏ।

ਜਤਿੰਦਰ ਪਾਠਕ ਬੁਦਾਊਂ ਦਾ ਰਹਿਣ ਵਾਲਾ ਸੀ ਅਤੇ ਆਰਵ ਦੀ ਮਾਂ ਰਤੀ ਦੇਵੀ ਦੀ ਤਲਾਕ ਦੇ ਮਾਮਲੇ ਵਿੱਚ ਸਹਾਇਤਾ ਕਰ ਰਿਹਾ ਸੀ। ਉਹ ਰਤੀ ਦੇਵੀ ਨਾਲ ਵਿਆਹ ਕਰਨਾ ਚਾਹੁੰਦਾ ਸੀ, ਪਰ ਜਦੋਂ ਉਸਨੇ ਉਸਦੇ ਪ੍ਰਸਤਾਵ ਨੂੰ ਠੁਕਰਾ ਦਿੱਤਾ, ਤਾਂ ਦੋਸ਼ੀ ਨੇ ਬੱਚੇ ਨੂੰ ਇੱਕ ਰੁਕਾਵਟ ਸਮਝਿਆ। ਪੁਲਿਸ ਦੇ ਅਨੁਸਾਰ, ਦੋਸ਼ੀ ਬੱਚੇ ਨੂੰ ਟੌਫੀ ਖਰੀਦਣ ਦੇ ਬਹਾਨੇ ਲੈ ਗਿਆ ਅਤੇ ਫਿਰ ਇਹ ਘਿਨਾਉਣਾ ਅਪਰਾਧ ਕੀਤਾ। 30 ਮਈ ਨੂੰ ਵਾਪਰੀ ਇਸ ਘਟਨਾ ਵਿੱਚ, 24 ਸਾਲਾ ਜਤਿੰਦਰ ਪਾਠਕ (ਉਰਫ਼ ਵਿਰਾਜ) ਨੇ ਸਿਰਫ਼ ਡੇਢ ਤੋਂ ਦੋ ਸਾਲ ਦੇ ਆਰਵ ਨੂੰ ਵਾਰ-ਵਾਰ ਸੜਕ 'ਤੇ ਸੁੱਟ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਦੋਸ਼ੀ ਜਤਿੰਦਰ ਪਾਠਕ ਬੱਚੇ ਨੂੰ



ਆਪਣੀ ਗੋਦ ਵਿੱਚ ਲੈ ਕੇ ਸੜਕ 'ਤੇ ਤੁਰ ਰਿਹਾ ਹੈ। ਅਚਾਨਕ, ਉਹ ਬੱਚੇ ਨੂੰ ਜ਼ੋਰ ਨਾਲ ਹੇਠਾਂ ਸੁੱਟ ਦਿੰਦਾ ਹੈ। ਬੱਚਾ ਡਿੱਗ ਪੈਂਦਾ ਹੈ ਅਤੇ ਸੰਘਰਸ਼ ਕਰਦਾ ਹੈ, ਪਰ ਦੋਸ਼ੀ ਨਹੀਂ ਰੁਕਦਾ। ਉਹ ਬੱਚੇ ਨੂੰ ਦੁਬਾਰਾ ਚੁੱਕਦਾ ਹੈ ਅਤੇ ਲੰਬੇ ਸਮੇਂ ਤੱਕ ਸੜਕ 'ਤੇ ਸੁੱਟਦਾ ਰਹਿੰਦਾ ਹੈ। ਇਹ ਇੱਕ ਦਿਲ ਦਹਿਲਾ ਦੇਣ ਵਾਲਾ ਅਤੇ ਬੇਰਹਿਮ ਦ੍ਰਿਸ਼ ਹੈ।

ਮੁਕਾਬਲੇ ਤੋਂ ਬਾਅਦ ਪੁਲਿਸ ਦੁਆਰਾ ਦੋਸ਼ੀ ਜਤਿੰਦਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਘਟਨਾ ਦੀ ਰਿਪੋਰਟ ਮਿਲਦੇ ਹੀ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਦੋਸ਼ੀ ਨੂੰ ਲੱਭ ਲਿਆ। ਗ੍ਰਿਫ਼ਤਾਰੀ ਦੌਰਾਨ, ਜਤਿੰਦਰ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ, ਜਿਸ ਨਾਲ ਦੋਸ਼ੀ ਦੀ ਲੱਤ ਵਿੱਚ ਸੱਟ ਲੱਗ ਗਈ। ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ। ਭਾਰਤੀ ਦੰਡ ਸੰਹਿਤਾ ਦੀ ਧਾਰਾ 302 (ਕਤਲ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਹੋਰ ਜਾਂਚ ਜਾਰੀ ਹੈ। ਸਥਾਨਕ ਨਿਵਾਸੀ ਅਤੇ ਬੱਚੇ ਦਾ ਪਰਿਵਾਰ ਇਨਸਾਫ਼ ਦੀ ਮੰਗ ਕਰ ਰਹੇ ਹਨ। ਬੱਚੇ ਦੀ ਮਾਂ, ਰਤੀ ਦੇਵੀ, ਸਦਮੇ ਵਿੱਚ ਹੈ।

## ਗਰਮੀ ਦੀਆਂ ਛੁੱਟੀਆਂ ਕੱਟਣ ਜਾ ਰਹੇ ਬੱਚੇ ਦੀ ਸੜਕ ਹਾਦਸੇ ’ਚ ਹੋਈ ਮੌਤ

**ਸਮਰਾਲਾ :** ਲੁਧਿਆਣਾ ਜ਼ਿਲ੍ਹੇ ਦੇ ਸਮਰਾਲਾ ਅਧੀਨ ਆਉਂਦੇ ਪਿੰਡ ਬਾਲਿਓ ਨੇੜੇ ਸੜਕ ਹਾਦਸੇ ' ਚ 5ਵੀਂ ਕਲਾਸ ਦੇ 11 ਸਾਲ ਦੇ ਵਿਦਿਆਰਥੀ ਦੀ ਮੌਤ ਹੋ ਗਈ ਹੈ। ਪੰਜਵੀਂ ਜਮਾਤ ਦਾ ਵਿਦਿਆਰਥੀ ਹਰਜੋਤ ਸਿੰਘ ਆਪਣੇ ਮਾਤਾ ਪਿਤਾ ਅਤੇ ਛੋਟੇ ਭਰਾ ਨਾਲ ਮੋਟਰਸਾਈਕਲ 'ਤੇ ਆਪਣੇ ਪਿੰਡ ਪਵਾਤ ਤੋਂ ਆਪਣੇ ਪਿੰਡ ਚਹਿਲਾਂ ਵਿਖੇ ਗਰਮੀਆਂ ਦੀਆਂ ਛੁੱਟੀਆਂ ਕੱਟਣ ਲਈ ਜਾ ਰਿਹਾ ਸੀ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪਿੰਡ ਪਵਾਤ ਨਿਵਾਸੀ ਤਰਲੋਚਨ ਸਿੰਘ ਆਪਣੀ ਪਤਨੀ ਸਮੇਤ ਮੋਟਰਸਾਈਕਲ ’ਤੇ ਸਵਾਰ ਹੋ ਕੇ ਆਪਣੇ ਦੋ ਬੱਚਿਆਂ ਹਰਜੋਤ ਸਿੰਘ (11 ਸਾਲ) ਅਤੇ ਜਸਕਰਨ ਸਿੰਘ (9 ਸਾਲ) ਨੂੰ ਸਕੂਲ ਵਿਚ ਗਰਮੀ ਦੀਆਂ ਛੁੱਟੀਆਂ ਹੋਣ ਉਪਰੰਤ ਉਹਨਾਂ ਦੇ ਨਾਨਕੇ ਪਿੰਡ ਚਹਿਲਾਂ ਵਿਖੇ ਛੱਡਣ ਲਈ ਜਾ ਰਿਹਾ ਸੀ। ਪਿੰਡ ਬਾਲਿਓ ਨੇੜੇ ਸਾਈਡ ’ਤੇ ਸੜਕ ਤੋਂ ਹੇਠਾਂ ਕੱਚੇ ਵਿਚ ਖੜੀ ਇੱਕ ਕਰੇਟਾ ਕਾਰ




ਇਕ ਦਮ ਬੜੀ ਤੇਜ਼ੀ ਨਾਲ ਸੜਕ ਉੱਤੇ ਆ ਗਈ ਜਿਸ ਨੇ ਮੋਟਰਸਾਈਕਲ ਸਵਾਰ ਪਰਿਵਾਰ ਨੂੰ ਆਪਣੀ ਚਪੇਟ ਵਿਚ ਲੈ ਲਿਆ। ਇਸ ਦਰਦਨਾਕ ਹਾਦਸੇ ਵਿਚ ਹਰਜੋਤ ਸਿੰਘ ਦੀ ਉੱਥੇ ਹੀ ਮੌਤ ਹੋ ਗਈ। ਜਦਕਿ ਮ੍ਰਿਤਕ ਬੱਚੇ ਦੇ ਪਿਤਾ ਤਰਲੋਚਨ ਸਿੰਘ, ਮਾਤਾ ਪਰਮਜੀਤ ਕੌਰ ਅਤੇ ਛੋਟੇ ਭਰਾ ਜਸਕਰਨ ਸਿੰਘ ਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਲਿਜਾਇਆ ਗਿਆ।

SHAM LAL CHANDER
ID no. 921760
BUILDING MAINTENANCE HANDYMAN
(CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਮਹਿਤਪੁਰ ਬਣਿਆ ਚੋਰਾਂ ਅਤੇ ਬਦਮਾਸ਼ਾਂ ਦਾ ਗੜ੍ਹ, ਲੋਕਾਂ ਵਿੱਚ ਦਹਿਸ਼ਤ

## ਪਿੰਡ ਇਸਮਾਇਲਪੁਰ ਅਤੇ ਰੌਲੀ ਵਿਖੇ ਘਰ ਵਿੱਚ ਵੜ ਕੇ ਬਦਮਾਸ਼ਾ ਨੇ ਕੀਤਾ ਹਮਲਾ

**ਨਕੋਦਰ ਮਹਿਤਪੁਰ 31 ਮਈ (ਹਰਜਿੰਦਰ ਪਾਲ ਛਾਬੜਾ)** ਪਿਛਲੇ ਦਿਨਾਂ ਤੋ ਮਹਿਤਪੁਰ ਦੇ ਲੋਕਾ ਨੂੰ ਚੋਰਾ ਅਤੇ ਬਦਮਾਸ਼ਾ ਨੇ ਤੰਗ ਕਰਕੇ ਰੱਖਿਆ ਹੋਇਆ ਹੈ ਜਿਸ ਤਹਿਤ ਮਹਿਤਪੁਰ ਦੇ ਵਸਨੀਕਾ ਨੇ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਪਿਛਲੇ ਦਿੱਨੀ ਬਦਮਾਸ਼ਾ ਨੇ ਪਿੰਡ ਰੌਲੀ ਵਿੱਚ ਸੰਤੋਖ ਸਿੰਘ ਦੇ ਘਰ ਵਿੱਚ ਦਾਖਲ ਹੋ ਕੇ ਭੰਨਤੋੜ ਕੀਤੀ ਅਤੇ ਜਾਨੀ ਮਾਲੀ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਇਸੇ ਹੀ ਤਰਾਂ ਪਿੰਡ ਇਸਮਾਈਲਪੁਰ ਦੇ ਵਸਨੀਕ ਰੇਸ਼ਮ ਸਿੰਘ ਉਪਰ ਜਾਨੀ ਹਮਲਾ ਕੀਤਾ ਜੋ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ ਇੱਥੋ ਤੱਕ ਉਸ ਦੇ ਘਰ ਵਿੱਚ ਵੜ ਕੇ ਬਦਮਾਸ਼ਾ ਨੇ ਸ਼ੀਸੇ ਤੋੜ ਦਿੱਤੇ । ਮਹਿਤਪੁਰ ਦੀ ਇੱਕ ਦੁਕਾਨ ਅੰਦਰ ਵੜ ਕੇ ਬਦਮਾਸ਼ਾ ਨੇ ਪਹਿਲਾ ਉਸ ਦੀ ਦੁਕਾਨ ਦੀ ਭੰਨਤੋੜ ਕੀਤੀ ਅਤੇ ਮਾਰਕੁਟ ਕਰਕੇ ਫਰਾਰ ਹੋ ਗਏ ਦੂਸਰੇ ਪਾਸੇ ਮਹਿਤਪੁਰ ਵਿੱਚ ਚੋਰਾ



ਆਪਣੀ ਦਹਿਸ਼ਤ ਦਿਖਾ ਰਹੇ ਹਨ ਪਿੰਡ ਰਾਮੂਵਾਲ ਵਾਲ ਦੇ ਨੇੜੇ ਚੋਰਾ ਨੂੰ ਸੰਦੀਪ ਕੌਰ ਅਤੇ ਉਸ ਨੇ ਪਤੀ ਨੂੰ ਘੇਰਿਆ ਦਾਤਰ ਦਿਖਾ ਕੇ ਉਸ ਕੋਲੋ ਇੱਕ ਮੋਬਾਇਲ ਅਤੇ ਨਗਦੀ ਖੋਹ ਕੇ ਲੈ ਗਏ । ਪਿੰਡ ਬਾਲੋਕੀ ਦੀ ਇੱਕ ਬੈਕਾਂ ਵਿੱਚੋ ਪੈਸੇ ਕਢਵਾ ਕੇ ਆਪਣੇ ਘਰ ਬਾਲੋਕੀ ਨੂੰ ਜਾ ਰਹੀ ਸੀ ਤਾ ਚੋਰ ਉਸ ਕੋਲੋ ਨਗਦੀ ਖੋਹ ਕੇ ਫਰਾਰ ਹੋ ਗਏ । ਪਿੰਡ ਖੁਰਮਪੁਰ ਦੇ ਬਲਦੇਵ ਰਾਜ ਦੇ ਘਰ ਕੰਧ ਟੱਪ ਕੇ ਚੋਰ ਦਿੱਨ ਦਿਹਾੜੇ ਆ ਵੜਿਆ । ਪਿੰਡ ਮਹਿਤਪੁਰ ਦੇ ਬਾਠ ਕਲਾਂ ਰੋਡ ਤੇ ਇੱਕ ਵਿਅਕਤੀ ਨੂੰ ਟਾਵਰ ਨੇ ਨੇੜੇ ਚੋਰਾ ਨੇ ਘੇਰ ਪਿਆ ਉਸ ਕੋਲੋ ਇੱਕ ਮੋਬਾਇਲ ਅਤੇ ਨਗਦੀ ਖੋਹ ਕੇ ਫਰਾਰ ਹੋ ਗਏ । ਮਹਿਤਪੁਰ ਦੇ ਸਮਾਜ ਸੇਵੀ ਲੋਕਾ ਨੇ ਕਿਹਾ ਕਿ ਮਹਿਤਪੁਰ ਚੋਰਾ ਅਤੇ ਬਦਮਾਸ਼ਾ ਦਾ ਗੜ ਬਣ ਗਿਆ ਹੈ ਉਪਰੋਕਤ ਹੋਈਆ ਵਾਰਦਾਤਾ ਨੂੰ ਲੈ ਕੇ ਮਹਿਤਪੁਰ ਵਿੱਚ ਦਹਿਸ਼ਤ ਵਾਲਾ ਮਹੌਲ ਹੈ ਉਨਾਂ ਪੁਲਿਸ ਪ੍ਰਸ਼ਾਸਨ ਪਾਸੋ ਮੰਗ ਕੀਤੀ ਇਹਨਾਂ ਚੋਰਾ ਅਤੇ ਬਦਮਾਸ਼ਾ ਕੋਲੋ ਮਹਿਤਪੁਰ ਦੇ ਵਸਨੀਕਾ ਨੂੰ ਨਿਜਾਇਤ ਦਵਾਈ ਜਾਵੇ ।

# "ਮੇਰੀ ਰਸੋਈ" ਯੋਜਨਾ ਲੋੜਵੰਦ ਪਰਿਵਾਰਾਂ ਲਈ ਵੱਡੀ ਸਹਾਇਤਾ : ਸੰਦੀਪ ਸੈਣੀ

## – ਬੈਕਫਿੰਕੋ ਪੰਜਾਬ ਦੇ ਚੇਅਰਮੈਨ ਨੇ ਕਿਹਾ ਸਰਕਾਰ ਹਰ ਵਰਗ ਤੱਕ ਪਹੁੰਚਾ ਰਹੀ ਹੈ ਸਹੂਲਤਾਂ

**ਹੁਸ਼ਿਆਰਪੁਰ 31 ਮਈ ( ਤਰਸੇਮ ਦੀਵਾਨਾ )** ਬੈਕਫਿੰਕੋ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਲੋਕ ਭਲਾਈ ਯੋਜਨਾ "ਮੇਰੀ ਰਸੋਈ" ਯੋਜਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਯੋਜਨਾ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਲੋੜਵੰਦ ਪਰਿਵਾਰਾਂ ਲਈ ਵੱਡੀ ਰਾਹਤ ਸਾਬਤ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਤੱਕ ਸਰਕਾਰੀ ਸਹੂਲਤਾਂ ਅਤੇ ਮਦਦ ਪਹੁੰਚਾਉਣ ਲਈ ਪੂਰੀ ਵਚਨਬੱਧਤਾ ਅਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ। ਸੰਦੀਪ ਸੈਣੀ ਨੇ ਕਿਹਾ ਕਿ ਸਰਕਾਰ ਦਾ ਮਕਸਦ ਸਿਰਫ਼ ਯੋਜਨਾਵਾਂ ਦਾ ਐਲਾਨ ਕਰਨਾ ਨਹੀਂ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਕੇ ਲੋਕਾਂ ਨੂੰ ਅਸਲ ਲਾਭ ਪਹੁੰਚਾਉਣਾ ਹੈ। ਉਨ੍ਹਾਂ ਦੱਸਿਆ ਕਿ "ਮੇਰੀ



ਰਸੋਈ " ਯੋਜਨਾ ਦੇ ਤਹਿਤ ਨੀਲੇ ਕਾਰਡ ਧਾਰਕ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਉਹ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਆਸਾਨੀ ਨਾਲ ਪੂਰਾ ਕਰ ਸਕਣ ਅਤੇ ਸਨਮਾਨ ਨਾਲ ਜੀਵਨ ਬਤੀਤ ਕਰ ਸਕਣ। ਉਨ੍ਹਾਂ ਕਿਹਾ ਕਿ ਯੋਜਨਾ ਦੇ ਹਰੇਕ ਲਾਭਪਾਤਰੀ ਪਰਿਵਾਰ ਨੂੰ ਹਰ ਤਿੰਨ ਮਹੀਨਿਆਂ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਰਾਸ਼ਨ ਕਿੱਟ ਦਿੱਤੀ ਜਾ ਰਹੀ ਹੈ, ਜਿਸ ਵਿਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਲੂਣ, 1 ਲਿਟਰ ਸਰੋਂ ਦਾ ਤੇਲ ਅਤੇ 200 ਗ੍ਰਾਮ ਹਲਦੀ ਸ਼ਾਮਲ ਹੈ। ਸੰਦੀਪ ਸੈਣੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲਗਾਤਾਰ ਅਜਿਹੀਆਂ ਲੋਕ-ਹਿਤੈਸ਼ੀ ਯੋਜਨਾਵਾਂ ਲੈ ਕੇ ਆ ਰਹੀ ਹੈ, ਜਿਨ੍ਹਾਂ ਦਾ ਸਿੱਧਾ ਲਾਭ ਆਮ ਜਨਤਾ ਨੂੰ ਮਿਲ ਰਿਹਾ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਰਾਜ ਦਾ ਕੋਈ ਵੀ ਨਾਗਰਿਕ ਆਪਣੇ ਆਪ ਨੂੰ ਬੇਬਸ ਜਾਂ ਇਕੱਲਾ ਮਹਿਸੂਸ ਨਾ ਕਰੇ। ਚੇਅਰਮੈਨ ਸੰਦੀਪ ਸੈਣੀ ਨੇ ਕਿਹਾ ਕਿ "ਮੇਰੀ ਰਸੋਈ" ਯੋਜਨਾ ਸਿਰਫ਼ ਇੱਕ ਸਰਕਾਰੀ ਸਕੀਮ ਨਹੀਂ, ਸਗੋਂ ਸਮਾਜ ਵਿੱਚ ਸਹਿਯੋਗ, ਭਾਈਚਾਰੇ ਅਤੇ ਆਪਸੀ ਵਿਸ਼ਵਾਸ ਦੀ ਭਾਵਨਾ ਨੂੰ ਮਜ਼ਬੂਤ ਕਰਨ ਵਾਲਾ ਇੱਕ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਲੋਕਾਂ ਤੱਕ ਸਮੇਂ ਸਿਰ ਸਹਾਇਤਾ ਪਹੁੰਚਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਲੋਕ ਭਲਾਈ ਨਾਲ ਜੁੜੀਆਂ ਅਜਿਹੀਆਂ ਯੋਜਨਾਵਾਂ ਨੂੰ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਜਾਰੀ ਰੱਖਿਆ ਜਾਵੇਗਾ।

# ਖਾਸ ਖਿਡਾਰੀ ਸੰਕਲਪ ਦੇ ਬਲ 'ਤੇ ਸਮਾਜ ਲਈ ਪ੍ਰੇਰਨਾ ਸਰੋਤ ਬਣ ਰਹੇ ਹਨ : ਪਰਮਜੀਤ ਸਚਦੇਵਾ

## ਸਪੈਸ਼ਲ ਓਲੰਪਿਕਸ ਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ

**ਹੁਸ਼ਿਆਰਪੁਰ 31 ਮਈ (ਤਰਸੇਮ ਦੀਵਾਨਾ)** - ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਪੰਜਾਬ ਸਰਕਾਰ ਵੱਲੋਂ ਸਪੈਸ਼ਲ ਓਲੰਪਿਕਸ ਇੰਡੀਆ ਰਾਸ਼ਟਰੀ ਚੈਂਪੀਅਨਸ਼ਿਪ 2024 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਨ੍ਹਾਂ ਖਿਡਾਰੀਆਂ ਨੇ ਰਾਸ਼ਟਰੀ ਪੱਧਰ ਦੀਆਂ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਆਪਣੇ ਸਕੂਲ, ਜ਼ਿਲ੍ਹੇ ਅਤੇ ਪੰਜਾਬ ਰਾਜ ਦਾ ਨਾਂ ਰੌਸ਼ਨ ਕੀਤਾ। ਦੱਸ ਦਈਏ ਕਿ ਸਪੈਸ਼ਲ ਓਲੰਪਿਕਸ ਇੰਡੀਆ ਰਾਸ਼ਟਰੀ ਚੈਂਪੀਅਨਸ਼ਿਪ ਦਾ ਆਯੋਜਨ ਜਨਵਰੀ ਤੋਂ ਅਪ੍ਰੈਲ 2024 ਦੌਰਾਨ ਦੇਸ਼ ਦੇ ਵੱਖ-ਵੱਖ ਸਥਾਨਾਂ 'ਤੇ ਕੀਤਾ ਗਿਆ ਸੀ, ਜਿਸ ਵਿੱਚ ਦੇਸ਼ ਭਰ ਤੋਂ ਆਏ ਵਿਸ਼ੇਸ਼ ਖਿਡਾਰੀਆਂ ਨੇ ਆਪਣੀ ਪ੍ਰਤਿਭਾ ਅਤੇ ਖੇਡ ਕੌਸ਼ਲ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ 'ਤੇ ਸਪੈਸ਼ਲ ਓਲੰਪਿਕਸ ਇੰਡੀਆ, ਪੰਜਾਬ ਚੈਪਟਰ ਦੇ ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ ਨੇ ਖਿਡਾਰੀਆਂ ਦਾ




ਸਨਮਾਨ ਕਰਦੇ ਹੋਏ ਉਨ੍ਹਾਂ ਦੀਆਂ ਅਸਾਧਾਰਨ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਖਿਡਾਰੀ ਆਪਣੀ ਮਿਹਨਤ, ਆਤਮ-ਵਿਸ਼ਵਾਸ ਅਤੇ ਦ੍ਰਿੜ ਸੰਕਲਪ ਦੇ ਬਲ 'ਤੇ ਸਮਾਜ ਲਈ ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਨੇ ਖਿਡਾਰੀਆਂ ਨੂੰ ਭਵਿੱਖ ਵਿੱਚ ਵੀ ਇਸੇ ਲਗਨ, ਅਨੁਸ਼ਾਸਨ ਅਤੇ ਮਿਹਨਤ ਨਾਲ ਅੱਗੇ ਵਧਣ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਨਵੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਖਿਡਾਰੀਆਂ ਨੇ ਵੀ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈ ਕੇ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਅਤੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਨੂੰ ਮਾਣ ਦਿਵਾਇਆ। ਇਨਾਮ ਵੰਡ ਸਮਾਰੋਹ ਦੌਰਾਨ ਖਿਡਾਰੀਆਂ ਦੀ ਮਿਹਨਤ, ਸਮਰਪਣ ਅਤੇ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਗਈ। ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਦੇ ਪੰਜ ਖਿਡਾਰੀਆਂ ਸੋਨੀਆ, ਕੁਨਾਲ ਸੇਠੀ, ਰੋਹਿਤ ਕੁਮਾਰ, ਸੁਨੀਲ ਕੁਮਾਰ ਅਤੇ ਗਗਨਦੀਪ ਸਿੰਘ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਕੁੱਲ 50,000 ਰੁਪਏ ਦੀ ਨਕਦ ਇਨਾਮੀ ਰਾਸ਼ੀ ਪ੍ਰਦਾਨ ਕੀਤੀ ਗਈ। ਸਮਾਰੋਹ ਵਿੱਚ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਇੰਜੀਨੀਅਰ ਹਰਬੰਸ ਸਿੰਘ, ਸਕੱਤਰ ਕਰਨਲ ਗੁਰਮੀਤ ਸਿੰਘ, ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ, ਰਾਮ ਆਸਾ, ਜ਼ਿਲ੍ਹਾ ਸਪੈਸ਼ਲ ਓਲੰਪਿਕਸ ਐਸੋਸੀਏਸ਼ਨ (ਡੀ.ਐਸ.ਓ.ਏ.) ਦੀ ਸਪੋਰਟਸ ਡਾਇਰੈਕਟਰ ਸ਼੍ਰੀਮਤੀ ਅੰਜਨਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਅਤੇ ਸਕੂਲ ਦੇ ਅਧਿਆਪਕ ਅਤੇ ਸਟਾਫ ਮੈਂਬਰ ਹਾਜ਼ਰ ਰਹੇ।ਫੋਟੋ ਅਜਮੇਰ ਦੀਵਾਨਾ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪਿੰਡ ਗੁਣਾਚੌਰ ਵਿਖੇ ਏ ਐਸ ਆਈ ਕੁਲਦੀਪ ਸਿੰਘ ਦੀ ਯਾਦ ਵਿੱਚ ਸਕੂਲ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ -ਪ੍ਰਵੀਨ ਬੰਗਾ



**ਬੰਗਾ (ਚਰਨਜੀਤ ਸੱਲ੍ਹਾ )** ਗੁਣਾਚੌਰ ਦੇ ਸਾਬਕਾ ਸਰਪੰਚ ਸ਼੍ਰੀ ਅਜੀਤ ਰਾਮ ਜੀ ਦੇ ਸਪੁੱਤਰ ਏ ਐਸ ਆਈ ਕੁਲਦੀਪ ਸਿੰਘ ਦੀ ਯਾਦ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਗੁਣਾਚੌਰ ਵਿਖੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਬਸਪਾ ਪੰਜਾਬ ਦੇ ਜਨਰਲ ਸਕੱਤਰ ਸ਼੍ਰੀ ਪ੍ਰਵੀਨ ਬੰਗਾ ਜੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ ਅਤੇ ਏ ਐਸ ਆਈ ਕੁਲਦੀਪ ਸਿੰਘ ਜੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ ਕਿਉਂਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਧੀਆ ਕੰਮ ਕੀਤੇ ਹਨ। ਉਨ੍ਹਾਂ ਨੇ ਸ਼ਹੀਦੀ ਵੀ ਲੋਕਾਂ ਦੀ ਰੱਖਿਆ ਕਰਦਿਆਂ ਨੇ ਪਾਈ ਹੈ।ਇਸ ਮੌਕੇ ਤੇ ਸਕੂਲ ਦੇ ਹੈਡਮਾਸਟਰ ਸਾਹਿਬ ਅਤੇ ਸਮੂਹ ਸਟਾਫ, ਮੈਂਬਰ ਪੰਚਾਇਤ ਸ਼੍ਰੀ ਗੁਰਦੇਵ ਰਾਮ ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੁਸਾਇਟੀ ਗੁਣਾਚੌਰ, ਭਲਵਾਨ ਜਗਦੀਸ਼ ਗੁਰੂ, ਬਸਪਾ ਆਗੂ ਕੁਲਦੀਪ ਵਿਰਦੀ, ਹਰਜਿੰਦਰ ਕੁਮਾਰ ਹੈਪੀ,ਮੈਂਬਰ ਪੰਚਾਇਤ ਸ਼੍ਰੀਮਤੀ ਨੀਤਾਂ ਰਾਣੀ, ਜਸਵਿੰਦਰ ਕੌਰ, ਪਰਮਜੀਤ ਕੌਰ ਹਾਜ਼ਰ ਸਨ।

**ਵਿਜੈ ਗੁਣਾਚੌਰ**
**ਜਥੇਬੰਦਕ ਸਕੱਤਰ**
**ਬਹੁਜਨ ਸਮਾਜ ਪਾਰਟੀ**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।**

# ਗੁਰੂਆਂ-ਪੀਰਾਂ ਤੇ ਸੂਰਬੀਰਾ ਦੇ ਰੰਗਲੇ ਪੰਜਾਬ ਨੂੰ 'ਚਿੱਟੇ' ਨੇ ਕੀਤਾ ਬਰਬਾਦ : ਬਲਜਿੰਦਰ ਸਿੰਘ ਖਾਲਸਾ

- **ਨਸ਼ੇ 'ਤੇ ਕਾਬੂ ਪਾਉਣ ਵਿੱਚ 'ਆਪ' ਸਰਕਾਰ ਪੂਰੀ ਤਰ੍ਹਾਂ ਰਹੀ ਨਾਕਾਮ**
- **ਮਾਵਾਂ ਦੇ ਪੁੱਤ ਭੈਣਾਂ ਦੇ ਵੀਰ ਅਤੇ ਸੁਹਾਗਣਾਂ ਦੇ ਕੰਤ ਚੜ੍ਹ ਰਹੇ ਨੇ ਨਸ਼ੇ ਦੀ ਭੇਟ : ਦਲ ਖਾਲਸਾ**



**ਹੁਸ਼ਿਆਰਪੁਰ 31 ਮਈ ( ਤਰਸੇਮ ਦੀਵਾਨਾ ) -** "ਪੰਜਾਬ ਦੀ ਪਵਿੱਤਰ ਧਰਤੀ, ਜੋ ਗੁਰੂਆਂ, ਪੀਰਾਂ ਅਤੇ ਸੂਰਬੀਰਾਂ ਦੀ ਚਰਨ-ਛੋਹ ਪ੍ਰਾਪਤ ਅਤੇ ਖ਼ੁਸ਼ਹਾਲੀ ਲਈ ਜਾਣੀ ਜਾਂਦੀ ਸੀ, ਅੱਜ ਉਸ ਰੰਗਲੇ ਪੰਜਾਬ ਨੂੰ 'ਚਿੱਟੇ' ਦੇ ਘਾਤਕ ਨਸ਼ੇ ਨੇ ਗੰਦਲਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ।" ਇਹਨਾ ਗੱਲਾਂ ਦਾ ਪ੍ਰਗਟਾਵਾ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਪੰਜਾਬ ਵਿੱਚ ਲਗਾਤਾਰ ਵਧ ਰਹੇ ਨਸ਼ਿਆਂ ਦੇ ਪ੍ਰਕੋਪ 'ਤੇ ਡੂੰਘੀ ਚਿੰਤਾ ਅਤੇ ਰੋਸ ਜ਼ਾਹਰ ਕਰਦਿਆਂ ਕੀਤਾ।ਉਨ੍ਹਾਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਚੋਣਾਂ ਵੇਲੇ ਕੁਝ ਦਿਨਾਂ ਵਿੱਚ ਨਸ਼ਾ ਖ਼ਤਮ ਕਰਨ ਦੇ ਵੱਡੇ-ਵੱਡੇ ਦਾਅਵੇ ਕਰਨ ਵਾਲੀ ਸਰਕਾਰ ਨੂੰ ਬਣਿਆਂ ਹੁਣ ਲਗਭਗ ਪੰਜਵਾਂ ਸਾਲ ਲੱਗ ਗਿਆ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਚਿੱਟੇ ਦੇ ਨਸ਼ੇ 'ਤੇ ਕੱਤਰਾ ਭਰ ਵੀ ਕਾਬੂ ਨਹੀਂ ਪਾਇਆ ਜਾ ਸਕਿਆ। ਉਹਨਾਂ ਕਿਹਾ ਕਿ "ਸੂਬੇ ਵਿੱਚ ਹਾਲਾਤ ਬੇਹੱਦ ਦਰਦਨਾਕ ਹੋ ਚੁੱਕੇ ਹਨ। ਰੋਜ਼ਾਨਾ ਚਿੱਟੇ ਦੇ ਨਸ਼ੇ ਦੀ ਓਵਰਡੋਜ਼ ਕਾਰਨ ਮਾਵਾਂ ਦੇ ਜਵਾਨ ਪੁੱਤ, ਭੈਣਾਂ ਦੇ ਭਰਾ, ਭਰਾਵਾਂ ਦੀਆਂ ਬਾਹਾਂ ਅਤੇ ਸੁਹਾਗਣਾਂ ਦੇ ਕੰਤ (ਪਤੀ) ਚਿੱਟੇ ਦੇ ਨਸ਼ੇ ਵਲੋ ਅੱਲੜ ਉਮਰੇ ਸਿਵਿਆਂ ਦੇ ਰਾਹ ਤੋਰੇ ਜਾ ਰਹੇ ਹਨ। ਪੰਜਾਬ ਦੇ ਹਰ ਦੂਜੇ ਪਿੰਡ-ਸ਼ਹਿਰ ਵਿੱਚੋਂ ਜਵਾਨਾਂ ਦੀਆਂ ਲਾਸ਼ਾਂ ਉੱਠ ਰਹੀਆਂ ਹਨ, ਪਰ ਸਰਕਾਰ ਗੂੜ੍ਹੀ ਨੀਂਦ ਸੁੱਤੀ ਹੋਈ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰਾਂ ਨੂੰ ਫੜਨ ਦੇ ਜੋ ਦਾਅਵੇ ਕੀਤੇ ਜਾ ਰਹੇ ਹਨ, ਉਹ ਸਿਰਫ਼ ਅਖ਼ਬਾਰੀ ਇਸ਼ਤਿਹਾਰਬਾਜ਼ੀ ਅਤੇ ਸੋਸ਼ਲ ਮੀਡੀਆ ਤੱਕ ਹੀ ਸੀਮਤ ਹਨ। ਅਸਲ ਵਿੱਚ ਨਸ਼ੇ ਦੇ ਵੱਡੇ ਸੌਦਾਗਰ ਅਤੇ ਮਗਰਮੱਛ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ, ਜਿਨ੍ਹਾਂ ਨੂੰ ਸਿਆਸੀ ਅਤੇ ਪ੍ਰਸ਼ਾਸਨਿਕ ਪੁਸ਼ਤਪਨਾਹੀ ਹਾਸਲ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਸਖ਼ਤ ਲਹਿਜੇ ਵਿੱਚ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਆਪਣੀ ਵੋਟ-ਬੈਂਕ ਦੀ ਰਾਜਨੀਤੀ ਛੱਡ ਕੇ ਨਸ਼ਾ ਤਸਕਰਾਂ ਖ਼ਿਲਾਫ਼ ਕੋਈ ਵੱਡੀ ਅਤੇ ਸਖ਼ਤ ਮੁਹਿੰਮ ਨਾ ਵਿੱਢੀ, ਤਾਂ ਪੰਜਾਬ ਦੀ ਜਵਾਨੀ ਪੂਰੀ ਤਰ੍ਹਾਂ ਤਬਾਹ ਹੋ ਜਾਵੇਗੀ। ਦਲ ਖਾਲਸਾ ਨੇ ਮੰਗ ਕੀਤੀ ਕਿ ਨਸ਼ੇ ਦੀ ਸਪਲਾਈ ਚੇਨ ਨੂੰ ਤੋੜਨ ਲਈ ਪਿੰਡ ਪੱਧਰ 'ਤੇ ਜਵਾਬਦੇਹੀ ਤੈਅ ਕੀਤੀ ਜਾਵੇ ਅਤੇ ਪੰਜਾਬ ਨੂੰ ਇਸ ਨਾਮੁਰਾਦ ਬੀਮਾਰੀ ਤੋਂ ਮੁਕਤ ਕਰਵਾਇਆ ਜਾਵੇ।

# ਭਾਰਤੀ ਚੋਣ ਕਮਿਸ਼ਨ ਵਲੋਂ ਪੰਜਾਬ ਰਾਜ ਦੇ ਐਸ.ਆਈ.ਆਰ. ਪ੍ਰੋਗਰਾਮ 'ਚ ਅੰਸ਼ਕ ਸੋਧ- ਆਸ਼ਿਕਾ ਜੈਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਚੋਣ ਕਮਿਸ਼ਨ ਵਲੋਂ ਪੰਜਾਬ ਰਾਜ ਲਈ ਵੋਟਰ ਸੂਚੀਆਂ ਦੀ 'ਸਪੈਸ਼ਲ ਇੰਟੈਂਸਿਵ ਰਿਵੀਜ਼ਨ' (ਐਸ.ਆਈ.ਆਰ) ਸਬੰਧੀ ਪਹਿਲਾਂ ਐਲਾਨੇ ਗਏ ਪ੍ਰੋਗਰਾਮ ਵਿਚ ਅੰਸ਼ਕ ਸੋਧ ਕਰਨ ਸਬੰਧੀ ਪੱਤਰ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਹੁਣ ਜ਼ਿਲ੍ਹੇ ਵਿਚ ਵੋਟਰ ਸੂਚੀਆਂ ਦਾ ਖਰੜਾ 3 ਅਗਸਤ, 2026 ਨੂੰ ਪ੍ਰਕਾਸ਼ਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਵੋਟਰ ਸੂਚੀਆਂ ਸਬੰਧੀ ਇਤਰਾਜ਼ ਅਤੇ ਦਾਅਵੇ ਪੇਸ਼ ਕਰਨ ਦਾ ਸਮਾਂ 3 ਅਗਸਤ 2026 ਤੋਂ 2 ਸਤੰਬਰ 2026 ਤੱਕ ਕਰ ਦਿੱਤਾ ਗਿਆ ਹੈ। ਨੋਟਿਸ ਪੜਾਅ/ਇਤਰਾਜ਼ ਅਤੇ ਦਾਅਵਿਆਂ ਦਾ ਨਿਪਟਾਰਾ 3 ਅਗਸਤ 2026 ਤੋਂ 28 ਸਤੰਬਰ 2026 ਤੱਕ ਕੀਤਾ ਜਾਵੇਗਾ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਬਾਕੀ ਸਮਾਂ-ਸਾਰਣੀ 14 ਮਈ 2026 ਨੂੰ ਜਾਰੀ ਨੋਟੀਫ਼ਿਕੇਸ਼ਨ ਅਨੁਸਾਰ ਹੀ ਰਹੇਗੀ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਕਾਰਜਕਰਨੀ ਪ੍ਰਧਾਨ ਇਮਾਨ ਸਿੰਘ ਮਾਨ 2 ਤੇ 3 ਜੂਨ ਨੂੰ ਦੁਆਬੇ 'ਚ ਕਰਨਗੇ ਮੀਟਿੰਗਾਂ ਨੂੰ ਸੰਬੋਧਨ - ਡਾ. ਜੱਖੂ

- **ਦਲਿਤ ਪਰਿਵਾਰਾਂ ਦੇ ਘਰਾਂ ਵਿੱਚ ਚਾਹ ਅਤੇ ਖਾਣੇ 'ਚ ਹੋਣਗੇ ਸ਼ਾਮਿਲ**
- **3 ਜੂਨ ਨੂੰ 3 ਵਜੇ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਵਿਖੇ 5 ਵਿਧਾਨ ਸਭਾ ਹਲਕਿਆ ਦੀ ਮੀਟਿੰਗ ਨੂੰ ਸੰਬੋਧਨ ਕਰਨਗੇ**



**ਫਗਵਾੜਾ 31 ਮਈ ( ਚਰਨਜੀਤ ਸੱਲ੍ਹਾ )** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਐਕਟਿੰਗ ਪ੍ਰਧਾਨ ਸਰਦਾਰ ਇਮਾਨ ਸਿੰਘ ਮਾਨ ਦੁਆਬੇ ਵਿੱਚ 2 ਅਤੇ 3 ਜੂਨ ਨੂੰ ਦੋ ਦਿਨਾਂ ਦਾ ਦੌਰਾ ਕਰਨਗੇ ਅਤੇ ਵੱਡੀਆਂ ਮੀਟਿੰਗਾਂ ਦਲਿਤ ਪਰਿਵਾਰਾਂ ਦੇ ਘਰਾਂ ਵਿੱਚ ਦੋ ਤਰੀਕ ਨੂੰ ਅਤੇ ਤਿੰਨ ਤਰੀਕ ਨੂੰ ਵਿਧਾਨ ਸਭਾ ਹਲਕਾ ਕਮੇਟੀਆਂ ਦੀਆਂ ਮੀਟਿੰਗਾਂ ਮੁਕੇਰੀਆਂ ਅਤੇ ਫਗਵਾੜਾ ਵਿਖੇ ਕਰਨਗੇ। ਦਲ ਦੇ ਮੁੱਖ ਬੁਲਾਰੇ ਅਤੇ ਦੋਆਬਾ ਜੋਨ ਦੇ ਇੰਚਾਰਜ ਡਾ. ਹਰਜਿੰਦਰ ਸਿੰਘ ਜੱਖੂ ਨੇ ਦੱਸਿਆ ਕਿ ਸ. ਇਮਾਨ ਸਿੰਘ ਮਾਨ ਸਵੇਰੇ 10 ਵਜੇ ਪਿੰਡ ਭਬਿਆਨਾ (ਵਿਧਾਨ ਸਭਾ ਹਲਕਾ ਫਗਵਾੜਾ, ਦੁਪਹਿਰੇ 12 ਵਜੇ ਪਿੰਡ ਮਸੀਤੀ (ਵਿਧਾਨ ਸਭਾ ਹਲਕਾ ਟਾਂਡਾ), ਗੜਦੀਵਾਲਾ ਸ਼ਹਿਰ ਗੁਰਦੀਪ ਸਿੰਘ ਗੜਦੀਵਾਲਾ ਦੇ ਘਰ 2 ਵਜੇ ਖਾਣਾ ਅਤੇ ਵਿਧਾਨ ਸਭਾ ਹਲਕਾ ਟਾਂਡਾ ਦੀ ਮੀਟਿੰਗ ਕਰਨਗੇ। ਇਸ ਤੋਂ ਪਿੰਡ ਖਾਨਪੁਰ ਦਲਿਤ ਆਗੂ ਪਰਸ਼ੋਤਮ ਅਹੀਰ ਦੇ ਘਰ ਪਰਿਵਾਰਾਂ ਨੂੰ ਮਿਲਣਗੇ ਅਤੇ ਵਿਧਾਨ ਸਭਾ ਹਲਕਾ ਸ਼ਾਮਚੁਰਾਸੀ ਦੀ ਮੀਟਿੰਗ ਲੈਣਗੇ ਅਤੇ ਸ਼ਾਮ 4 ਵਜੇ ਦਲਿਤਾਂ ਦੇ ਵੇੜੇ ਸਈਪੁਰ ਵਿਖੇ ਸੰਜੀਵ ਮੂਲ ਨਿਵਾਸੀ ਦੀ ਅਗਵਾਈ ਦੇ ਵਿੱਚ ਸਾਂਝੀਆਂ ਗੱਲਾਂ ਕੀਤੀਆਂ ਜਾਣਗੀਆਂ ਅਤੇ ਵਿਧਾਨ ਸਭਾ ਹਲਕਾ ਜਲੰਧਰ ਉੱਤਰੀ ਬਾਰੇ ਵਿਚਾਰ ਵਟਾਂਦਰਾ ਕਰਨਗੇ। ਸ. ਇਮਾਨ ਸਿੰਘ ਮਾਨ ਟਾਂਡੇ ਵਿਖੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪੀ.ਏ.ਸੀ ਦੇ ਮੈਂਬਰ ਸ. ਸੰਦੀਪ ਸਿੰਘ ਖਾਲਸਾ ਦੇ ਗ੍ਰਹਿ ਵਿਖੇ ਰਾਤ ਦਾ ਖਾਣਾ ਕਰਨ ਉਪਰੰਤ ਮੀਟਿੰਗ ਨੂੰ ਸੰਬੋਧਨ ਕਰਨਗੇ। ਤਿੰਨ ਜੂਨ ਨੂੰ ਸ.ਇਮਾਨ ਸਿੰਘ ਮਾਨ ਅਤੇ ਡਾ. ਹਰਜਿੰਦਰ ਸਿੰਘ ਜੱਖੂ ਸਵੇਰੇ ਸ਼ਰਮਾ ਪਾਰਟੀ ਹਾਲ ਮੁਕੇਰੀਆਂ ਵਿਖੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸੱਤ ਵਿਧਾਨ ਸਭਾ ਹਲਕਿਆਂ ਦੀਆਂ ਕਮੇਟੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਨਗੇ ਅਤੇ 3 ਜੂਨ ਨੂੰ ਹੀ ਬਾਦ ਦੁਪਹਿਰ 3 ਵਜੇ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਵਿਧਾਨ ਸਭਾ ਹਲਕਾ ਫਿਲੌਰ, ਵਿਧਾਨ ਸਭਾ ਹਲਕਾ ਕੈਂਟ , ਵਿਧਾਨ ਸਭਾ ਹਲਕਾ ਕਰਤਾਰਪੁਰ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੀਆਂ ਹਲਕਾ ਕਮੇਟੀਆਂ ਨੂੰ ਸਰਦਾਰ ਇਮਾਨ ਸਿੰਘ ਮਾਨ ਜੀ ਤੇ ਡਾਕਟਰ ਹਰਜਿੰਦਰ ਸਿੰਘ ਜੱਖੂ ਸੰਬੋਧਨ ਕਰਨਗੇ। ਉਕਤ ਮੀਟਿੰਗਾਂ ਵਿੱਚ ਸਰਦਾਰ ਇਮਾਨ ਸਿੰਘ ਮਾਨ ਅਤੇ ਡਾਕਟਰ ਹਰਜਿੰਦਰ ਸਿੰਘ ਜੱਖੂ ਪਾਰਟੀ ਨੂੰ ਪਿੰਡ ਪੱਧਰ ਮਜ਼ਬੂਤ ਕਰਨ, 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਨੂੰ ਜਿੱਤ ਨੂੰ ਯਕੀਨੀ ਬਣਾਉਣ ਲਈ ਵਿਚਾਰ ਚਰਚਾ ਕਰਨ ਦੇ ਨਾਲ ਨਾਲ 3 ਜੂਨ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਕੀਤੇ ਜਾ ਰਹੇ ਬੇਗ਼ਮਪੁਰਾ ਪੰਥਕ ਇਕੱਠ ਵਿੱਚ ਪਹੁੰਚਣ ਲਈ ਸੰਗਤਾਂ ਨੂੰ ਅਪੀਲ ਕਰਨਗੇ।

**ਤਸਵੀਰ ਸਮੇਤ**

# ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ, 'ਆਪ' ਸਰਕਾਰ ਦੇ ਵੱਸ ਦੀ ਗੱਲ ਨਹੀਂ ਰਾਜ ਕਰਨਾ: ਬਰਿੰਦਰ ਸਿੰਘ ਪਰਮਾਰ

**ਹੁਸ਼ਿਆਰਪੁਰ 31 ਮਈ ( ਤਰਸੇਮ ਦੀਵਾਨਾ )** - ਪੰਜਾਬ ਵਿੱਚ ਦਿਨ-ਬ-ਦਿਨ ਵਿਗੜ ਰਹੀ ਕਾਨੂੰਨ ਵਿਵਸਥਾ ਦੀ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤਿੱਖੇ ਹਮਲੇ ਕੀਤੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਏ ਦਿਨ ਸ਼ਰੇਆਮ ਲੁੱਟਾਂ-ਖੋਹਾਂ ਹੋ ਰਹੀਆਂ ਹਨ ਅਤੇ ਗੈਂਗਸਟਰਾਂ ਵੱਲੋਂ ਗੋਲੀਆਂ ਚਲਾ ਕੇ ਬੇਗੁਨਾਹ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਜਾ ਰਿਹਾ ਹੈ, ਜਿਸ ਕਾਰਨ ਸੂਬੇ ਦੇ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੈ। ਬਰਿੰਦਰ ਸਿੰਘ ਪਰਮਾਰ ਨੇ ਬੀਤੇ ਕੱਲ੍ਹ ਵਾਪਰੀ ਖ਼ੌਫਨਾਕ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਲੰਧਰ ਨੇੜੇ ਇੱਕ ਇੰਸਟੀਚਿਊਟ ਦੇ ਬਿਲਕੁਲ ਸਾਹਮਣੇ ਇੱਕ ਆਰ.ਟੀ.ਆਈ. (ਠੀ) ਐਕਟੀਵਿਸਟ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਸ ਤੋਂ ਮਹਿਜ਼ ਕੁਝ ਦਿਨ



ਪਹਿਲਾਂ ਬਟਾਲਾ ਵਿਖੇ ਇੱਕ ਡਿਊਟੀ 'ਤੇ ਤਾਇਨਾਤ ਏ.ਐੱਸ.ਆਈ. (ASI) ਜੋਗਾ ਸਿੰਘ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਜੇਕਰ ਦੇਸ਼ ਦੇ ਰਖਵਾਲੇ ਪੁਲਿਸ ਮੁਲਾਜ਼ਮ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਲੜਨ ਵਾਲੇ ਐਕਟੀਵਿਸਟ ਹੀ ਸੁਰੱਖਿਅਤ ਨਹੀਂ ਹਨ, ਤਾਂ ਆਮ ਜਨਤਾ ਦੀ ਸੁਰੱਖਿਆ ਦੀ ਉਮੀਦ ਕਿਸ ਤੋਂ ਕੀਤੀ ਜਾਵੇ?

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਸੱਤਾ ਵਿੱਚ ਆਇਆਂ ਲਗਭਗ ਸਾਢੇ ਚਾਰ ਸਾਲ ਹੋ ਚੁੱਕੇ ਹਨ ਅਤੇ ਹੁਣ ਪੰਜਵਾਂ ਸਾਲ ਚੱਲ ਰਿਹਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਜਦੋਂ ਦੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਲਾਅ ਐਂਡ ਆਰਡਰ (ਕਾਨੂੰਨ ਵਿਵਸਥਾ) ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਹੈ। ਉਹਨਾ ਕਿਹਾ ਕਿ ਮੌਜੂਦਾ ਸਰਕਾਰ ਦੇ ਵੱਸ ਦੀ ਗੱਲ ਨਹੀਂ ਰਹੀ ਕਿ ਉਹ ਪੰਜਾਬ 'ਤੇ ਰਾਜ ਕਰ ਸਕੇ ਅਤੇ ਲੋਕਾਂ ਨੂੰ ਅਮਨ-ਸ਼ਾਂਤੀ ਦੇ ਸਕੇ। ਉਹਨਾਂ ਕਿਹਾ ਕਿ ਮੁੱਖ ਮੰਤਰੀ, ਜੋ ਖੁਦ ਗ੍ਰਹਿ ਮੰਤਰੀ ਵੀ ਹਨ, ਸੂਬੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਏ ਹਨ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਕਤਲਾਂ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਪੰਜਾਬ ਦੇ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਠੋਸ ਕਦਮ ਚੁੱਕੇ ਜਾਣ, ਨਹੀਂ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਜਨਤਾ ਦੇ ਹੱਕਾਂ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਵੇਗਾ।

# ਬ੍ਰਿਗੇਡੀਅਰ ਰਾਜ ਕੁਮਾਰ ਵੱਲੋਂ ਹਲਕੇ ਵਿੱਚ ਸਰਗਰਮੀਆਂ ਤੇਜ਼; ਵਰਕਰਾਂ ਨੂੰ ਲਾਮਬੰਦ ਕਰਨ ਲਈ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਜਾਰੀ

**ਬਲਾਚੌਰ 31 ਮਈ (ਜਤਿੰਦਰ ਪਾਲ ਸਿੰਘ ਕਲੇਰ):** ਪਿੰਡ ਮਾਲੇਵਾਲ ਭੂਰੀਵਾਲੇ ਵਿਖੇ ਬ੍ਰਿਗੇਡੀਅਰ ਰਾਜ ਕੁਮਾਰ ਵਲੋਂ ਵਿਧਾਨ ਸਭਾ ਹਲਕਾ ਬਲਾਚੌਰ ਵਿੱਚ ਆਪਣੀਆਂ ਸਿਆਸੀ ਅਤੇ ਸਮਾਜਿਕ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਤੇਜ਼ ਕਰ ਦਿੱਤਾ ਗਿਆ ਹੈ। ਇਲਾਕੇ ਵਿੱਚ ਉਹਨਾਂ ਦੀ ਵਧਦੀ ਹਰਮਨਪਿਆਰਤਾ ਸਦਕਾ ਹਲਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਬ੍ਰਿਗੇਡੀਅਰ ਵੱਲੋਂ ਹਰ ਰੋਜ਼ ਵੱਖ-ਵੱਖ ਪਿੰਡਾਂ ਦਾ ਤੂਫ਼ਾਨੀ ਦੌਰਾ ਕਰਕੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਉਹ ਕਿਸੇ ਕਾਰਨ ਨਾਰਾਜ਼ ਚੱਲ ਰਹੇ ਆਗੂਆਂ ਅਤੇ ਵਰਕਰਾਂ ਨੂੰ ਮਨਾ ਕੇ ਦੁਬਾਰਾ ਸਰਗਰਮ ਕਰਨ ਅਤੇ ਇੱਕ ਮੰਚ 'ਤੇ ਲਾਮਬੰਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕਰ ਰਹੇ ਹਨ।

ਇਸੇ ਮੁਹਿੰਮ ਤਹਿਤ ਬ੍ਰਿਗੇਡੀਅਰ ਰਾਜ ਕੁਮਾਰ ਵਿਸ਼ੇਸ਼ ਤੌਰ 'ਤੇ ਪਿੰਡ ਨਵਾਂ ਪਿੰਡ ਟੱਪਰੀਆਂ ਦੇ ਸਾਬਕਾ ਸਰਪੰਚ ਰਾਕੇਸ਼ ਬਾਗੜੀ ਦੇ




ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਸਾਬਕਾ ਸਰਪੰਚ ਬਾਗੜੀ ਨੂੰ ਉਨ੍ਹਾਂ ਦੇ ਨਵੇਂ ਮਕਾਨ ਦੀ ਉਸਾਰੀ ਲਈ ਮੁਬਾਰਕਬਾਦ ਦਿੱਤੀ ਅਤੇ ਸ਼ੁਭਕਾਮਨਾਵਾਂ ਸਾਂਝੀਆਂ ਕੀਤੀਆਂ।

ਇਸ ਤੋਂ ਬਾਅਦ ਉਨ੍ਹਾਂ ਨੇ ਪਿੰਡ ਮਾਲੇਵਾਲ ਭੂਰੀਵਾਲੇ ਵਿਖੇ ਆਪਣੇ ਅਤਿ ਨਜ਼ਦੀਕੀ ਸਾਥੀਆਂ ਟੇਕ ਚੰਦ ਟਿੰਕੂ, ਹਰਮੇਸ਼ ਮੂੰਡਣ, ਤਿਲਕ ਰਾਜ, ਨਰਿੰਦਰ, ਹਰਮੇਸ਼ ਅਤੇ ਸੁਰਿੰਦਰ ਪਾਲ ਜੀਆਂ ਨਾਲ ਇੱਕ ਵਿਸ਼ੇਸ਼ ਬੈਠਕ ਕੀਤੀ। ਇਸ ਮੀਟਿੰਗ ਦੌਰਾਨ ਉਨ੍ਹਾਂ ਨੇ ਹਲਕੇ ਦੇ ਵਿਕਾਸ ਅਤੇ ਭਵਿੱਖੀ ਰਣਨੀਤੀਆਂ ਬਾਰੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਹਾਜ਼ਰ ਸਾਥੀਆਂ ਨੇ ਬ੍ਰਿਗੇਡੀਅਰ ਰਾਜ ਕੁਮਾਰ ਨੂੰ ਪੂਰਨ ਵਿਸ਼ਵਾਸ ਦਿਵਾਇਆ ਕਿ ਉਹ ਇਲਾਕੇ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਇੱਕ ਕਰਕੇ ਉਨ੍ਹਾਂ ਦੀਆਂ ਮੁਹਿੰਮਾਂ ਦਾ ਡਟਵਾਂ ਸਾਥ ਦੇਣਗੇ।

# ਪਾਰਦਰਸ਼ੀ ਪ੍ਰਸਾਸ਼ਨ ਦੇਣ ਦੀਆਂ ਟਾਹਰਾਂ ਮਾਰਨ ਵਾਲੀ ਸਰਕਾਰ ਨੇ ਆਰਟੀਆਈ ਐਕਟ ਦਾ ਬਿਠਾਇਆ ਭੱਠਾ

## ਦੂਜੀ ਅਪੀਲ ਅਧੀਨ ਸੂਚਨਾ ਲੈਣ ਲਈ ਕਰਨਾ ਪੈ ਰਿਹੈ ਸਾਲਾਂ ਬੱਧੀ ਇੰਤਜ਼ਾਰ-ਬਲਵੀਰ ਸੈਣੀ

**ਹੁਸ਼ਿਆਰਪੁਰ, 31 ਮਈ ( ਤਰਸੇਮ ਦੀਵਾਨਾ )** - ਪੰਜਾਬ ਵਿੱਚ ਬਦਲਾਅ ਦਾ ਨਾਅਰਾ ਲਾ ਕੇ ਸੱਤਾ ਹਥਿਆਉਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਦੀ ਪੰਜਾਬ ਵਾਸੀਆਂ ਨੂੰ ਭ੍ਰਿਸ਼ਟਾਚਾਰ ਮੁਕਤ ਪਾਰਦਰਸ਼ੀ ਪ੍ਰਸ਼ਾਸਨ ਦੇਣ ਦੀਆਂ ਟਾਹਰਾਂ ਮਾਰਨ ਵਾਲੀ ਇਸ ਸਰਕਾਰ ਦੇ ਕਾਰਜਕਾਲ ਵਿੱਚ ਪੰਜਾਬ ਦਾ ਸੂਚਨਾ ਕਮਿਸ਼ਨ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ ਙ ਇਹ ਖੁਲਾਸਾ ਕਰਦਿਆਂ

ਆਰਟੀਆਈ ਐਕਟੀਵਿਸਟ ਫਰੰਟ ਆਫ ਇੰਡੀਆ (ਰਾਫੀ) ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਨੇ ਵਿਸ਼ੇਸ਼ ਪ੍ਰੈੱਸ ਵਾਰਤਾ ਦੌਰਾਨ ਦੱਸਿਆ ਕਿ ਪੰਜਾਬ ਰਾਜ ਸੂਚਨਾ ਕਮਿਸ਼ਨ ਵਿੱਚ ਪਿਛਲੀਆਂ ਸਰਕਾਰਾਂ ਵੇਲੇ ਕਮਿਸ਼ਨਰਾਂ ਦੀਆਂ 10 ਪੋਸਟਾਂ ਰੱਖੀਆਂ ਗਈਆਂ ਸਨ, ਜਿਸ ਨਾਲ ਕੇਸਾਂ ਦਾ ਨਿਪਟਾਰਾ ਤੇਜ਼ੀ ਨਾਲ ਹੁੰਦਾ ਸੀ ਅਤੇ ਲੋਕਾਂ ਨੂੰ ਸਮੇਂ ਸਿਰ ਇਨਸਾਫ ਮਿਲਦਾ ਸੀ ਇਸ ਦੇ ਨਾਲ-ਨਾਲ ਨਿਯਮਤ ਸਮੇਂ ਅੰਦਰ ਸੂਚਨਾ/ਰਿਕਾਰਡ ਨਾ ਦੇਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਨੂੰ ਸਜਾ ਵਜੋਂ ਐਕਟ ਅਧੀਨ ਜੁਰਮਾਨੇ ਵੀ ਕੀਤੇ ਜਾਂਦੇ ਸਨ। ਪਰ ਸਾਲ 2022 ਵਿੱਚ ਸੱਤਾ ਸੰਭਾਲਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵੱਲੋਂ ਇਨ੍ਹਾਂ ਪੋਸਟਾਂ ਦੀ ਗਿਣਤੀ ਘਟਾ ਕੇ ਅੱਧੀ, ਯਾਨੀ ਸਿਰਫ਼ 5 ਕਰ ਦਿੱਤੀ ਗਈ। ਸਟਾਫ਼ ਅਤੇ ਕਮਿਸ਼ਨਰਾਂ ਦੀ ਇਸ ਭਾਰੀ ਕਮੀ ਕਾਰਨ ਕਮਿਸ਼ਨ ਵਿੱਚ ਪੈਂਡਿੰਗ ਕੇਸਾਂ ਦਾ ਅੰਬਾਰ ਲੱਗ ਗਿਆ ਹੈ। ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਸਰਕਾਰੀ ਸਿਸਟਮ ਵਿੱਚ ਪਾਰਦਰਸ਼ਤਾ ਲਿਆਉਣ ਲਈ ਬਣਾਇਆ ਗਿਆ ਆਰ.ਟੀ.ਆਈ ਐਕਟ 2005 (ਸੂਚਨਾ ਦਾ ਅਧਿਕਾਰ ਕਾਨੂੰਨ 2005) ਪੰਜਾਬ ਵਿੱਚ ਦਮ ਤੋੜਦਾ ਨਜ਼ਰ ਆ ਰਿਹਾ ਹੈ। ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਵਿਖੇ ਕਮਿਸ਼ਨਰਾਂ ਦੀਆਂ ਪੋਸਟਾਂ ਵਿੱਚ ਕੀਤੀ ਗਈ ਕਟੌਤੀ ਕਾਰਨ ਆਮ ਜਨਤਾ ਨੂੰ ਆਪਣੇ ਹੀ ਹੱਕ ਦੀ ਜਾਣਕਾਰੀ ਲੈਣ ਲਈ ਸਾਲਾਂ-ਬੱਧੀ ਭਟਕਣਾ ਪੈ ਰਿਹਾ ਹੈ। ਅਜਿਹਾ ਹੋਣ ਨਾਲ ਜਿੱਥੇ ਲੋਕਾਂ ਨੂੰ ਇਨਸਾਫ ਮਿਲਣ ਵਿੱਚ ਦੇਰੀ ਹੋਵੇਗੀ ਉੱਥੇ ਆਰ.ਟੀ.ਆਈ ਐਕਟੀਵਿਸਟ ਨੂੰ ਆਰਥਿਕ ਨੁਕਸਾਨ ਦੇ ਨਾਲ ਨਾਲ ਮਾਨਸਿਕ ਤਨਾਅ ਵੀ ਵਧੇਗਾ।

ਕਮਿਸ਼ਨਰਾਂ ਦੀਆਂ ਪੋਸਟਾਂ ਘਟਾਉਣ ਦਾ ਫੈਸਲਾ ਮੰਦਭਾਗਾ ਕੇਸਾਂ ਦੀ ਸੁਣਵਾਈ ਵਿੱਚ ਕਰੀਬ 2-3 ਸਾਲ ਦੀ ਦੇਰੀ ਹੋ ਰਹੀ ਹੈ ਮਿਲੀ ਜਾਣਕਾਰੀ ਅਨੁਸਾਰ ਅਜੇ 2024 ਦੇ ਕੇਸਾਂ ਦੀ ਸੁਣਵਾਈ ਜਾਰੀ ਹੋਈ ਹੈ ਅਤੇ ਸਰਕਾਰ ਵੱਲੋਂ ਪੋਸਟਾਂ ਵਿੱਚ ਕੀਤੀ ਗਈ ਇਸ ਪ੍ਰਸ਼ਾਸਨਿਕ ਕਟੌਤੀ ਦਾ ਸਿੱਧਾ ਅਸਰ ਆਰ.ਟੀ.ਆਈ. ਐਕਟ ਅਧੀਨ ਆਉਣ ਵਾਲੀਆਂ 'ਦੂਜੀ ਅਪੀਲ' ਦੇ ਕੇਸਾਂ 'ਤੇ ਪੈ ਰਿਹਾ ਹੈ। ਅੱਜ ਦੇ ਸਮੇਂ ਵਿੱਚ



ਕਮਿਸ਼ਨ ਅੰਦਰ ਕੇਸਾਂ ਦੀ ਸੁਣਵਾਈ ਦੋ ਸਾਲ ਤੋਂ ਵੀ ਵੱਧ ਸਮਾਂ ਲੇਟ ਚੱਲ ਰਹੀ ਹੈ। ਮੌਜੂਦਾ ਸਮੇਂ (2026) ਵਿੱਚ ਵੀ ਅਜੇ ਸਾਲ 2024 ਦੇ ਕੇਸਾਂ ਦੀਆਂ ਤਰੀਕਾਂ ਦੀ ਸੁਣਵਾਈ ਸ਼ੁਰੂ ਹੋਈ ਹੈ। ਆਰ.ਟੀ.ਆਈ. ਕਾਰਕੁਨਾਂ ਅਤੇ ਆਮ ਜਨਤਾ ਦਾ ਕਹਿਣਾ ਹੈ ਕਿ "ਜੇਕਰ ਆਰ.ਟੀ.ਆਈ. ਐਕਟ ਤਹਿਤ ਰਿਕਾਰਡ ਜਾਂ ਜਾਣਕਾਰੀ 2 ਸਾਲ ਦੇਰੀ ਨਾਲ ਮਿਲਣੀ ਹੈ, ਤਾਂ ਜਿਸ ਅਹਿਮ ਜਾਂ ਕਾਨੂੰਨੀ ਕੰਮ ਲਈ ਉਹ ਰਿਕਾਰਡ ਚਾਹੀਦਾ ਸੀ, ਉਸ ਦੀ ਕੋਈ ਸਾਰਥਕਤਾ (ਮਹੱਤਵ) ਹੀ ਨਹੀਂ ਰਹਿ ਜਾਂਦੀ। ਦੇਰੀ ਨਾਲ ਮਿਲੀ ਜਾਣਕਾਰੀ 'ਮਰੇ ਹੋਏ ਮਰੀਜ਼ ਨੂੰ ਦਵਾਈ ਦੇਣ' ਬਰਾਬਰ ਹੈ।"

ਆਰਟੀ ਆਈ ਕਾਨੂੰਨ ਦਾ ਮਕਸਦ ਖ਼ਤਮ ਹੋਣ ਦੀ ਕਗਾਰ 'ਤੇ :-

ਆਰ.ਟੀ.ਆਈ. ਐਕਟ 2005 ਦਾ ਮੁੱਖ ਉਦੇਸ਼ ਨਾਗਰਿਕਾਂ ਨੂੰ ਸਮੇਂ ਸਿਰ (30 ਦਿਨਾਂ ਦੇ ਅੰਦਰ) ਸੂਚਨਾ ਮੁਹੱਈਆ ਕਰਵਾਉਣਾ ਸੀ ਤਾਂ ਜੋ ਸਰਕਾਰੀ ਕੰਮਾਂ ਵਿੱਚ ਜਵਾਬਦੇਹੀ ਤੈਅ ਕੀਤੀ ਜਾ ਸਕੇ। ਪਰ ਪੰਜਾਬ ਸਰਕਾਰ ਦੇ ਕਮਿਸ਼ਨਰਾਂ ਦੀ ਗਿਣਤੀ ਘੱਟ ਕਰਨ ਦੇ ਇਸ ਫੈਸਲੇ ਅਤੇ ਕਮਿਸ਼ਨ ਦੀ ਸੁਸਤ ਰਫ਼ਤਾਰ ਕਾਰਨ ਹੁਣ ਇਹ ਅਹਿਮ ਇਤਿਹਾਸਕ ਕਾਨੂੰਨ ਪੂਰੀ ਤਰ੍ਹਾਂ 'ਮਹੱਤਵਹੀਣ' ਹੁੰਦਾ ਜਾਪ ਰਿਹਾ ਹੈ। ਬਲਵੀਰ ਸਿੰਘ ਸੈਣੀ ਨੇ ਕਿਹਾ ਕਿ ਆਰਟੀਆਈ ਐਕਟੀਵਿਸਟ ਫਰੰਟ ਆਫ ਇੰਡੀਆ ਇਸ ਪ੍ਰਸਾਸ਼ਨਿਕ ਕਟੌਤੀ ਦਾ ਗੰਭੀਰ ਨੋਟਿਸ ਲੈਂਦਿਆਂ ਸੂਬੇ ਦੀ ਜਾਗਰੂਕ ਜਨਤਾ ਅਤੇ ਸਮਾਜਿਕ ਸੰਸਥਾਵਾਂ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਰਕਾਰੀ ਵਿਭਾਗਾਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਲੋਕਾਂ ਨੂੰ ਚੰਗਾ ਤੇ ਪਾਰਦਰਸ਼ੀ ਪ੍ਰਸਾਸ਼ਨ ਦੇਣ ਲਈ ਪੰਜਾਬ ਸਰਕਾਰ ਲੋਕ ਹਿੱਤਾਂ ਨੂੰ ਮੁੱਖ ਰੱਖਦਿਆਂ ਤੁਰੰਤ ਕਮਿਸ਼ਨਰਾਂ ਦੀਆਂ ਬਾਕੀ ਪੋਸਟਾਂ ਨੂੰ ਬਹਾਲ ਕੀਤਾ ਜਾਵੇ ਅਤੇ ਖਾਲੀ ਅਹੁਦੇ ਤੁਰੰਤ ਭਰੇ ਜਾਣ, ਤਾਂ ਜੋ ਆਮ ਲੋਕਾਂ ਨੂੰ ਸਮੇਂ ਸਿਰ ਸੂਚਨਾ/ਰਿਕਾਰਡ ਮਿਲਣ ਨਾਲ ਇਨਸਾਫ਼ ਪ੍ਰਾਪਤ ਹੋ ਸਕੇ। ਇਸ ਦੇ ਨਾਲ-ਨਾਲ ਮੁੱਖ ਸੂਚਨਾ ਕਮਿਸ਼ਨਰ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਿਭਾਉਣ ਦੇ ਨਿਰਦੇਸ਼ ਜਾਰੀ ਕੀਤੇ ਜਾਣ ਦੀ ਵੀ ਆਰਟੀਆਈ ਐਕਟੀਵਿਸਟ ਫਰੰਟ ਆਫ ਇੰਡੀਆ ਨੇ ਮੰਗ ਕੀਤੀ ਹੈ।

# ਚੌਧਰੀ ਸੁਰੇਸ਼ ਕੁਮਾਰ ਥੋਪੀਆਂ ਦੀ ਮਾਤਾ ਗਿਆਨੋ ਦੇਵੀ ਨਮਿੱਤ ਥੋਪੀਆ ਵਿਖੇ ਅੰਤਿਮ ਅਰਦਾਸ, ਵਿਧਾਇਕਾਂ ਸਮੇਤ ਪਤਵੰਤਿਆਂ ਨੇ ਭੇਟ ਕੀਤੀਆਂ ਸ਼ਰਧਾਂਜਲੀਆਂ

**ਬਲਾਚੌਰ, 31 ਮਈ (ਜਤਿੰਦਰਪਾਲ ਸਿੰਘ ਕਲੇਰ):** ਇਲਾਕੇ ਦੀ ਨਾਮਵਾਰ ਸ਼ਖਸ਼ੀਅਤ ਚੌਧਰੀ ਸੁਰੇਸ਼ ਕੁਮਾਰ ਥੋਪੀਆਂ (ਐਮ. ਆਰ. ਸਿਟੀ ਸਕੂਲ ਬਲਾਚੌਰ) ਦੇ ਸਤਿਕਾਰਯੋਗ ਮਾਤਾ ਗਿਆਨੋ ਦੇਵੀ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਪਿੰਡ ਥੋਪੀਆ (ਨਜ਼ਦੀਕ ਬਲਾਚੌਰ) ਸਥਿਤ 'ਕੁਟੀਆ ਸਾਹਿਬ ਓਂਕਾਰ ਧਾਮ' ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਪੰਡਿਤ ਰਾਮ ਪਾਲ ਥੋਪੀਆ ਵੱਲੋਂ ਸ੍ਰੀ ਗਰੁੜ ਪੁਰਾਣ ਦੇ ਪਾਠ ਦਾ ਭੋਗ ਪਾਉਣ ਉਪਰੰਤ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸ਼ੀਅਤਾਂ ਵੱਲੋਂ ਮਾਤਾ ਗਿਆਨੋ ਦੇਵੀ ਨੂੰ ਭਾਵ ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਲਈ ਇਲਾਕੇ ਦੇ ਕਈ ਨਾਮਵਾਰ ਚਿਹਰੇ ਅਤੇ ਪਤਵੰਤੇ ਸੱਜਣ ਪਹੁੰਚੇ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਵਿਧਾਇਕਾ ਸੰਤੋਸ਼ ਕਟਾਰੀਆ, ਚੇਅਰਮੈਨ ਜਸਵੀਰ ਸਿੰਘ ਗੜੀ, ਚੌਧਰੀ ਅਸ਼ੋਕ ਕਟਾਰੀਆ, ਬਾਬੂ ਰਾਮਜੀ ਦਾਸ (ਚੇਅਰਮੈਨ ਐਮ. ਆਰ. ਸਿਟੀ ਸਕੂਲ ਬਲਾਚੌਰ), ਜ਼ਿਲ੍ਹਾ ਪ੍ਰਧਾਨ ਕਾਂਗਰਸ ਚੌਧਰੀ



ਮਾਤਾ ਗਿਆਨੋ ਦੇਵੀ ਨਮਿੱਤ ਕਰਵਾਈ ਗਈ ਅੰਤਿਮ ਅਰਦਾਸ ਮੌਕੇ ਪੰਡਿਤ ਰਾਮ ਪਾਲ ਅਤੇ ਹਾਜ਼ਰ ਇਲਾਕਾ ਵਾਸੀ।

ਅਜੇ ਮੰਗੂਪੁਰ, ਚੌਧਰੀ ਆਰ. ਪੀ. ਸਿੰਘ, ਸਾਬਕਾ ਚੇਅਰਮੈਨ ਬਿਮਲ ਕੁਮਾਰ ਸਿਆਣਾ, ਵਰਿੰਦਰ ਕੌਰ ਥਾਂਦੀ ਅਤੇ ਸਤਨਾਮ ਸਿੰਘ (ਡੀ.ਐਸ.ਪੀ.) ਸ਼ਾਮਲ ਸਨ। ਇਸੇ ਤਰ੍ਹਾਂ ਜਸਪਾਲ ਸਿੰਘ ਜਾਡਲੀ, ਹਰਜੀਤ ਸਿੰਘ ਜਾਡਲੀ, ਪਰਵਿੰਦਰ ਮੇਨਕਾ ਐਮ.ਸੀ., ਪੰਮਾ ਭਾਟੀਆ ਐਮ.ਸੀ., ਤਜਿੰਦਰ ਨਵਾਂਸ਼ਹਿਰ, ਵਿਕਾਸ ਬੱਤਰਾ, ਰੋਸ਼ਨ ਲਾਲ ਠੇਕੇਦਾਰ ਕਰੀਮਪੁਰ, ਕੇਵਲ ਸਰਪੰਚ, ਡਿੰਪੀ ਬਜਾੜ ਕਰੀਮਪੁਰ, ਦੁਰਗੇਸ਼ ਜੰਡੀ, ਡਾਕਟਰ ਅਨੂਪਮ ਤਿਆਗੀ, ਮਦਨ ਲਾਲ ਭੂੰਬਲਾ ਰੱਤੇਵਾਲ, ਚੱਡਾ ਜਲੰਧਰ, ਤੇਜਿੰਦਰ ਨਕੋਦਰ, ਮਹਿੰਦਰ ਪਾਲ ਬਲਾਚੌਰ, ਡਾਕਟਰ ਠਾਕੁਰ, ਇੰਦਰਜੀਤ ਲੁੱਡੀ, ਹਰਅਮਰਿੰਦਰ ਸਿੰਘ ਰਿੰਕੂ, ਰਘੁਵੀਰ ਮਾਸਟਰ, ਅਜੀਤ ਪਾਲ ਸਿੰਘ, ਕਮਲ ਕੈਨੇਡਾ, ਸੁਰਿੰਦਰ ਵਿੱਕਾ ਟੋਰੋਵਾਲ, ਸੱਤ ਪਾਲ ਮੀਲੂ, ਪ੍ਰਿੰਸੀਪਲ ਮਧੂ ਐਰੀ, ਪ੍ਰਿੰਸੀਪਲ ਰੀਤੂ ਬਤਰਾ, ਪ੍ਰਿੰਸੀਪਲ ਮਾਨਸੀ ਤਿਆਗੀ, ਸੇਠੀ ਸਰਪੰਚ, ਸੋਮ ਨਾਥ, ਰਾਮ ਸਰੂਪ ਠੇਕੇਦਾਰ, ਪਰਸ ਰਾਮ, ਚਰਨਜੀਤ ਮਾਛੀਵਾੜਾ, ਬਿੱਲੂ ਭਗਤ, ਹੁਸਨ ਲਾਲ, ਰੋਸ਼ਨ ਲਾਲ, ਸੋਮ ਪ੍ਰਕਾਸ਼, ਮਨੋਹਰ ਲਾਲ, ਬਿਕਰਮਜੀਤ, ਤਨਵੀਰ, ਭਿੰਦਾ ਲੁਧਿਆਣਾ, ਦਰਸ਼ਨ ਚੇਲਾ, ਪਵਨ ਕਸਾਣਾ, ਰਾਜ ਕਸਾਣਾ, ਹਰਮੇਸ਼ ਲਾਲ ਚੰਡੀਗੜ੍ਹ, ਸੱਤ ਪਾਲ ਲੁਧਿਆਣਾ, ਸੰਜੀਵ ਬੰਗਾ, ਨਰੇਸ਼ ਚੌਹਾਨ ਟੇਡੇਵਾਲ, ਕੁਲਵੰਤ ਮੀਲੂ, ਮੋਹਣ ਲਾਲ ਮੀਲੂ, ਪਰਮਜੀਤ ਭਾਟੀਆ, ਪਾਲ ਮਾਸਟਰ, ਸੇਠੀ ਚੌਹਾਨ, ਕੁੰਦਨ ਲਾਲ, ਓਮ ਪ੍ਰਕਾਸ਼ ਚੌਹਾਨ, ਨਰਿੰਦਰ ਨਿੰਦੂ, ਬੁੱਧ ਰਾਮ ਪੰਚ ਅਤੇ ਅਸ਼ਵਨੀ ਸਮੇਤ ਸਮੂਹ ਸਕੂਲ ਸਟਾਫ਼, ਰਿਸ਼ਤੇਦਾਰ, ਪਿੰਡ ਵਾਸੀ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਮਾਤਾ ਜੀ ਨੂੰ ਅੰਤਿਮ ਵਿਦਾਈ ਦੇਣ ਲਈ ਹਾਜ਼ਰ ਸਨ।

# ਬਲਾਚੌਰ-ਭੱਦੀ ਸੜਕ ’ਤੇ ਰਾਜੂਮਾਜਰਾ ਕੋਲ ਬਣ ਰਹੀ ਪੁਲੀ ਨੇ ਧਾਰਿਆ ਨਰਕ ਦਾ ਰੂਪ, ਬਰਸਾਤ ਕਾਰਨ ਲੋਕ ਪ੍ਰੇਸ਼ਾਨ

## ਠੇਕੇਦਾਰ ਦੀ ਲਾਪ੍ਰਵਾਹੀ ਕਾਰਨ ਅੱਧ-ਅਧੂਰਾ ਪਿਆ ਕੰਮ, ਰਾਹਗੀਰਾਂ ਦੀਆਂ ਗੱਡੀਆਂ ਫਸੀਆਂ

**ਬਲਾਚੌਰ 31 ਮਈ (ਜਤਿੰਦਰ ਪਾਲ ਸਿੰਘ ਕਲੇਰ):** ਬਲਾਚੌਰ ਤੋਂ ਭੱਦੀ ਨੂੰ ਜਾਂਦੀ 18 ਫੁੱਟੀ ਮੁੱਖ ਸੜਕ ’ਤੇ ਪਿੰਡ ਰਾਜੂਮਾਜਰਾ ਕੋਲ ਬਣ ਰਹੀ ਪੁਲੀ ਦੇ ਆਲੇ-ਦੁਆਲੇ ਬਰਸਾਤ ਹੋਣ ਨਾਲ ਸੜਕ ਨੇ ਨਰਕ ਦਾ ਰੂਪ ਧਾਰ ਲਿਆ ਹੈ। ਸਿਰਫ਼ ਇੱਕ-ਦੋ ਘੰਟੇ ਦੀ ਪਈ ਬਾਰਸ਼ ਨੇ ਹੀ ਪ੍ਰਸ਼ਾਸਨ ਵੱਲੋਂ ਕੀਤੇ ਜਾਂਦੇ ਵਿਕਾਸ ਦੇ ਵੱਡੇ-ਵੱਡੇ ਦਾਅਵਿਆਂ ਦੀ ਪੋਲ ਖੋਲ੍ਹ ਕੇ ਰੱਖ ਦਿੱਤੀ ਹੈ। ਪੁਲੀ ਦੇ ਆਲੇ-ਦੁਆਲੇ ਮਿੱਟੀ ਅਤੇ ਬਜਰੀ ਪਾ ਕੇ ਸੜਕ ਨੂੰ ਸੁਚਾਰੂ ਰੂਪ ਵਿੱਚ ਚਾਲੂ ਕਰਨ ਦੀ ਬਜਾਏ ਸਬੰਧਤ ਠੇਕੇਦਾਰ ਵੱਲੋਂ ਕੰਮ ਨੂੰ ਅੱਧ-ਅਧੂਰਾ ਹੀ ਛੱਡ ਦਿੱਤਾ ਗਿਆ। ਹੁਣ ਮੀਂਹ ਪੈਣ ਕਾਰਨ ਸੜਕ ਦੇ ਨਾਲ ਬਣਾਏ ਗਏ ਬਦਲਵੇਂ ਕੱਚੇ ਰਸਤੇ ’ਤੇ ਗੋਡਿਆਂ ਤੱਕ ਚਿੱਕੜ ਜਮ੍ਹਾਂ ਹੋ ਗਿਆ ਹੈ, ਜਿਸ ਕਾਰਨ ਪੈਦਲ ਚੱਲਣ ਵਾਲੇ ਲੋਕਾਂ ਅਤੇ ਦੋਪਹੀਆ ਵਾਹਨ ਚਾਲਕਾਂ ਦਾ ਇੱਥੋਂ ਲੰਘਣਾ ਬੇਹੱਦ ਦੁਭਰ ਹੋ ਗਿਆ ਹੈ।



ਜ਼ਿਕਰਯੋਗ ਹੈ ਕਿ ਇਹ ਭੱਦੀ ਰੋਡ ਅੱਗੇ ਜਾ ਕੇ ਰੋਪੜ੍ਹ , ਨੂਰਪੁਰ ਬੇਦੀ ਅਤੇ ਇਲਾਕੇ ਦੇ ਹੋਰ ਅਨੇਕਾਂ ਪਿੰਡਾਂ ਨੂੰ ਆਪਸ ਵਿੱਚ ਜੋੜਦੀ ਹੈ। ਰਾਜੂਮਾਜਰਾ ਕੋਲ ਪਹਿਲਾਂ ਰੈਂਪ ਬਣਿਆ ਹੋਇਆ ਸੀ, ਜਿਸ ਨੂੰ ਹਟਾ ਕੇ ਹੁਣ ਨਵੀਂ ਪੁਲੀ ਬਣਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਪਰ ਠੇਕੇਦਾਰ ਵੱਲੋਂ ਇਹ ਕੰਮ ਬਹੁਤ ਹੀ ਢਿੱਲੀ ਰਫ਼ਤਾਰ ਨਾਲ ਚਲਾਇਆ ਜਾ ਰਿਹਾ ਹੈ, ਜਿਸ ਕਾਰਨ ਇੱਥੋਂ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਈਡ ਤੋਂ ਬਣਾਏ ਕੱਚੇ ਰਸਤੇ 'ਤੇ ਮੀਂਹ ਦੇ ਪਾਣੀ ਅਤੇ ਚਿੱਕੜ ਕਾਰਨ ਹਾਲਾਤ ਇੰਨੇ ਮਾੜੇ ਹੋ ਚੁੱਕੇ ਹਨ ਕਿ ਲੋਕਾਂ ਦੀਆਂ ਗੱਡੀਆਂ ਉੱਥੇ ਫਸ ਰਹੀਆਂ ਹਨ, ਜਿਸ ਕਾਰਨ ਵਾਹਨਾਂ ਦਾ ਵੀ ਭਾਰੀ ਨੁਕਸਾਨ ਹੋ ਰਿਹਾ ਹੈ। ਲੰਘਣ ਦਾ ਕੋਈ ਸਹੀ ਸਾਧਨ ਨਾ ਹੋਣ ਕਰਕੇ ਹੁਣ ਲੋਕਾਂ ਨੂੰ ਮਜਬੂਰਨ ਲੰਮਾ ਚੱਕਰ ਕੱਟ ਕੇ ਦੂਜੇ ਪਿੰਡਾਂ ਦੇ ਲਿੰਕ ਰੋਡ ਰਾਹੀਂ ਘੁੰਮ ਕੇ ਜਾਣਾ ਪੈ ਰਿਹਾ ਹੈ। ਇਲ-ਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੇ ਪ੍ਰਸ਼ਾਸਨ ਅਤੇ ਸਬੰਧਤ ਠੇਕੇਦਾਰ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਇਸ 18 ਫੁੱਟੀ ਰੋਡ 'ਤੇ ਪਿੰਡ ਰਾਜੂਮਾਜਰਾ ਕੋਲ ਬਣ ਰਹੀ ਪੁਲੀ ਦੇ ਨਿਰਮਾਣ ਕਾਰਜ ਨੂੰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਇਸ ਰੋਜ਼ਾਨਾ ਦੇ ਨਰਕ ਭਰੇ ਸਫ਼ਰ ਤੋਂ ਨਿਜ਼ਾਤ ਮਿਲ ਸਕੇ।

# ਲੈਸਟਰ ਵਿੱਚ ਵੈਨ ਵਿਚੋਂ ਮਿਲੀ ਲਾਸ਼ ਦੇ ਮਾਮਲੇ ਦੀ ਜਾਂਚ ਲੰਡਨ ਪੁਲਿਸ ਦੇ ਹਵਾਲੇ

**ਲੈਸਟਰ (ਇੰਗਲੈਂਡ), 31 ਮਈ (ਸੁਖਜਿੰਦਰ ਸਿੰਘ ਢੱਡੇ)–** ਇੰਗਲੈਂਡ ਦੇ ਲੈਸਟਰ ਸ਼ਹਿਰ ਵਿੱਚ ਇੱਕ ਵੈਨ ਵਿਚੋਂ ਮਿਲੀ ਵਿਅਕਤੀ ਦੀ ਲਾਸ਼ ਦੇ ਮਾਮਲੇ ਨੇ ਨਵਾਂ ਮੋੜ ਲੈ ਲਿਆ ਹੈ। ਸ਼ੁਰੂਆਤੀ ਜਾਂਚ ਲੈਸਟਰਸ਼ਾਇਰ ਪੁਲਿਸ ਵੱਲੋਂ ਕੀਤੀ ਗਈ ਸੀ, ਪਰ ਹੁਣ ਇਸ ਕਤਲ ਮਾਮਲੇ ਦੀ ਜਾਂਚ ਲੰਡਨ ਦੀ ਮੈਟਰੋਪੋਲੀਟਨ ਪੁਲਿਸ ਨੇ ਆਪਣੇ ਹੱਥ ਵਿੱਚ ਲੈ ਲਈ ਹੈ। ਮਾਮਲੇ ਸਬੰਧੀ ਇੱਕ 39 ਸਾਲਾ ਔਰਤ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਲੰਡਨ ਦੇ ਹਾਊਨਸਲੋ ਖੇਤਰ ਵਿੱਚ ਇੱਕ ਘਰ ਨੂੰ ਅਪਰਾਧ ਸਥਾਨ ਐਲਾਨ ਕੇ ਜਾਂਚ ਜਾਰੀ ਹੈ।

ਪੁਲਿਸ ਅਨੁਸਾਰ ਬੁੱਧਵਾਰ 27 ਮਈ ਦੀ ਸ਼ਾਮ ਕਰੀਬ 5:30 ਵਜੇ ਗਾਰਡਨ ਸਟਰੀਟ ਸਥਿਤ ਇੱਕ ਕਾਰ ਪਾਰਕ ਵਿੱਚ ਖੜ੍ਹੀ ਚਿੱਟੇ ਰੰਗ ਦੀ ਫੋਰਡ ਟਰਾਂਜ਼ਿਟ ਵੈਨ ਬਾਰੇ ਇੱਕ ਰਾਹਗੀਰ ਨੇ ਪੁਲਿਸ ਨੂੰ ਸੂਚਨਾ ਦਿੱਤੀ ਸੀ। ਸੂਚਨਾ ਦੇਣ ਵਾਲੇ ਵਿਅਕਤੀ ਨੇ ਵੈਨ ਦੀ ਸ਼ੱਕੀ ਹਾਲਤ ਬਾਰੇ ਚਿੰਤਾ ਜ਼ਾਹਰ ਕੀਤੀ ਸੀ। ਮੌਕੇ ’ਤੇ ਪਹੁੰਚੇ ਪੁਲਿਸ ਅਧਿਕਾਰੀਆਂ ਨੇ ਵੈਨ ਦਾ ਦਰਵਾਜ਼ਾ ਖੋਲ੍ਹਿਆ ਤਾਂ ਅੰਦਰ ਇੱਕ ਪੁਰਸ਼ ਦੀ ਲਾਸ਼ ਬਰਾਮਦ ਹੋਈ।

ਲਾਸ਼ ਮਿਲਣ ਤੋਂ ਬਾਅਦ ਲੈਸਟਰਸ਼ਾਇਰ ਪੁਲਿਸ ਨੇ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ। ਜਾਂਚ ਦੌਰਾਨ ਵੈਨ ਦੇ ਰਜਿਸਟਰਡ ਮਾਲਕ ਦਾ ਪਤਾ ਲਗਾਇਆ ਗਿਆ, ਜਿਸ ਤੋਂ ਮਿਲੀ ਜਾਣਕਾਰੀ ਦੇ ਆਧਾਰ ’ਤੇ ਪੁਲਿਸ ਲੰਡਨ ਦੇ ਹਾਊਨਸਲੋ ਖੇਤਰ ਤੱਕ ਪਹੁੰਚੀ। ਇਸ ਕਾਰਵਾਈ ਦੌਰਾਨ ਸ਼ੁੱਕਰਵਾਰ ਨੂੰ 39 ਸਾਲਾ ਇੱਕ ਔਰਤ ਨੂੰ ਕਤਲ ਦੇ ਸ਼ੱਕ ਹੇਠ ਗ੍ਰਿਫ਼ਤਾਰ ਕੀਤਾ ਗਿਆ।ਪੁਲਿਸ ਨੇ ਦੱਸਿਆ ਕਿ ਗ੍ਰਿਫ਼ਤਾਰੀ ਤੋਂ ਬਾਅਦ ਹੋਰ ਸਬੂਤ ਅਤੇ ਜਾਣਕਾਰੀਆਂ ਸਾਹਮਣੇ ਆਉਣ ਕਾਰਨ ਮੈਟਰੋਪੋਲੀਟਨ ਪੁਲਿਸ ਨੇ 30 ਮਈ ਨੂੰ ਮਾਮਲੇ ਦੀ ਜਾਂਚ ਆਪਣੇ ਹੱਥ ਵਿੱਚ ਲੈ ਲਈ। ਇਸ ਤੋਂ ਬਾਅਦ ਹਾਊਨਸਲੋ ਦੇ ਸਟਨ ਡੀਨ ਇਲਾਕੇ ਵਿੱਚ ਸਥਿਤ ਇੱਕ ਰਿਹਾਇਸ਼ੀ ਮਕਾਨ ਨੂੰ ਅਪਰਾਧ ਸਥਾਨ ਘੋਸ਼ਿਤ ਕਰਕੇ ਉੱਥੇ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਜੇ ਤੱਕ ਮ੍ਰਿਤਕ ਵਿਅਕਤੀ ਦੀ ਪੂਰੀ ਪਛਾਣ ਜਨਤਕ ਨਹੀਂ ਕਰ ਸਕੀ। ਅਧਿਕਾਰੀ ਉਸ ਦੇ ਨਜ਼ਦੀਕੀ ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਦੀ ਭਾਲ ਕਰ ਰਹੇ ਹਨ ਤਾਂ ਜੋ ਉਨ੍ਹਾਂ ਨੂੰ ਘਟਨਾ ਬਾਰੇ ਸੂਚਿਤ ਕੀਤਾ ਜਾ ਸਕੇ। ਮੌਤ ਦੇ ਅਸਲ ਕਾਰਨਾਂ ਅਤੇ ਹਾਲਾਤਾਂ ਬਾਰੇ ਵੀ ਜਾਂਚ ਜਾਰੀ ਹੈ ਅਤੇ ਪੋਸਟਮਾਰਟਮ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਜਾਂਚ ਦੀ ਅਗਵਾਈ ਕਰ ਰਹੇ ਡਿਟੈਕਟਿਵ ਚੀਫ਼ ਇੰਸਪੈਕਟਰ ਐਲੈਕਸ ਗੈਮਾਂਪਿਲਾ ਨੇ ਕਿਹਾ ਕਿ ਲੈਸਟਰਸ਼ਾਇਰ ਪੁਲਿਸ ਦੀ ਤੁਰੰਤ ਅਤੇ ਪ੍ਰਭਾਵਸ਼ਾਲੀ ਕਾਰਵਾਈ ਕਾਰਨ ਮਾਮਲੇ ਵਿੱਚ ਜਲਦੀ ਤਰੱਕੀ ਹੋਈ ਅਤੇ ਇੱਕ ਸ਼ੱਕੀ ਵਿਅਕਤੀ ਦੀ ਗ੍ਰਿਫ਼ਤਾਰੀ ਸੰਭਵ ਹੋ ਸਕੀ। ਉਨ੍ਹਾਂ ਕਿਹਾ ਕਿ ਜਾਂਚ ਟੀਮ ਮ੍ਰਿਤਕ ਦੀ ਮੌਤ ਤੋਂ ਪਹਿਲਾਂ ਦੀਆਂ ਗਤੀਵਿਧੀਆਂ ਅਤੇ ਵੈਨ ਦੇ ਸਫ਼ਰ ਬਾਰੇ ਜਾਣਕਾਰੀ ਇਕੱਠੀ ਕਰ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੇ 27 ਮਈ ਤੋਂ ਪਹਿਲਾਂ ਜਾਂ ਉਸ ਦਿਨ ਇਸ ਚਿੱਟੀ ਫੋਰਡ ਟਰਾਂਜ਼ਿਟ ਵੈਨ ਨੂੰ ਲੈਸਟਰ ਜਾਂ ਲੰਡਨ ਦੇ ਇਲਾਕਿਆਂ ਵਿੱਚ ਦੇਖਿਆ ਹੋਵੇ, ਜਾਂ ਕਿਸੇ ਦੇ ਡੋਰਬੈਲ ਕੈਮਰੇ, ਸੀਸੀਟੀਵੀ ਜਾਂ ਡੈਸ਼ਕੈਮ ਵਿੱਚ ਇਸ ਵਾਹਨ ਦੀ ਫੁਟੇਜ ਮੌਜੂਦ ਹੋਵੇ ਤਾਂ ਉਹ ਤੁਰੰਤ ਪੁਲਿਸ ਨਾਲ ਸੰਪਰਕ ਕਰਨ। ਪੁਲਿਸ ਦਾ ਮੰਨਣਾ ਹੈ ਕਿ ਜਨਤਾ ਵੱਲੋਂ ਦਿੱਤੀ ਜਾਣਕਾਰੀ ਜਾਂਚ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ।ਮੈਟਰੋਪੋਲੀਟਨ ਪੁਲਿਸ ਨੇ ਭਰੋਸਾ ਦਿੱਤਾ ਹੈ ਕਿ ਮਾਮਲੇ ਦੀ ਹਰ ਪੱਖੋਂ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇਗਾ।

## ਸਰਕਾਰੀ ਕਾਲਜ ਦੇ ਵਿੱਦਿਅਕ ਸੈਸ਼ਨ 2026-27 ਦਾ ਪ੍ਰੌਸਪੈਕਟਸ ਕੀਤਾ ਗਿਆ ਜਾਰੀ



**ਕਪੂਰਥਲਾ, 31 ਮਈ ( ਕੌੜਾ )**-ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਦੇ ਵਿੱਦਿਅਕ ਸੈਸ਼ਨ 2026-27 ਦੇ ਪ੍ਰੌਸਪੈਕਟਸ ਨੂੰ ਪ੍ਰਿੰਸੀਪਲ ਡਾ. ਜਸਮੀਤ ਸੇਠੀ ਦੀ ਅਗਵਾਈ ਹੇਠ ਕਾਲਜ ਦੇ ਕੌਂਸਲ ਮੈਂਬਰਾਂ ਤੇ ਸਟਾਫ਼ ਵਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ । ਪ੍ਰੌਸਪੈਕਟਸ ਰਾਹੀਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਦੇ ਵੱਖ-ਵੱਖ ਵਿਭਾਗਾਂ ਤੋਂ ਜਾਣੂ ਕਰਵਾਇਆ ਗਿਆ ਤੇ ਦਾਖ਼ਲੇ ਸਬੰਧੀ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ । ਇਸ ਮੌਕੇ ਪ੍ਰਿੰਸੀਪਲ ਡਾ. ਜਸਮੀਤ ਸੇਠੀ ਤੋਂ ਇਲਾਵਾ ਵਾਇਸ ਪ੍ਰਿੰਸੀਪਲ ਪ੍ਰੋ. ਸਨੇਹ ਸ਼ਰਮਾ, ਡਾ. ਰਸ਼ਮੀ ਵਿਰਕ, ਪ੍ਰੋ. ਰਣਜੀਤ ਕੁਮਾਰ, ਪ੍ਰੋ. ਹੈਪੀ ਕੁਮਾਰ, ਪ੍ਰੋ. ਨਿਧੀ ਕਾਂਡਾ, ਪ੍ਰੋ. ਜਸਵਿੰਦਰਜੀਤ ਕੌਰ, ਸਿਮਰਨਜੀਤ ਕੌਰ, ਰਾਜੀਵ ਤਿਵਾੜੀ ਤੇ ਹੋਰ ਹਾਜ਼ਰ ਸਨ । ਪ੍ਰਿੰਸੀਪਲ ਡਾ. ਸੇਠੀ ਨੇ ਕਿਹਾ ਕਿ ਇਹ ਅਦਾਰਾ ਪੰਜਾਬ ਦੇ ਸਭ ਤੋਂ ਪੁਰਾਣੇ ਸਰਕਾਰੀ ਕਾਲਜਾਂ ਵਿਚੋਂ ਇਕ ਹੈ, ਜਿੱਥੇ ਵਿਦਿਆਰਥੀਆਂ ਨੂੰ ਉੱਚ ਦਰਜੇ ਦੀ ਮਿਆਰੀ ਸਿੱਖਿਆ ਮੁਹੱਈਆ ਕਰਵਾਈ ਜਾਂਦੀ ਹੈ ਤੇ ਵਿਦਿਆਰਥੀ ਵੀ ਉਤਸ਼ਾਹ ਨਾਲ ਇਸ ਸਰਕਾਰੀ ਰਣਧੀਰ ਕਾਲਜ ਵਿਖੇ ਦਾਖਲਾ ਲੈਂਦੇ ਹਨ ।

## ਰੋਟਰੀ ਕਲੱਬ ਇਲੀਟ ਨੇ ਗਲੋਬਲ ਗ੍ਰਾਂਟ ਤਹਿਤ ਸ਼ੇਖੂਪੁਰ ਐਲੀਮੈਂਟਰੀ ਸਕੂਲ ਨੂੰ ਈ-ਲਰਨਿੰਗ ਸਟੇਸ਼ਨ ਕੀਤਾ ਭੇਟ



**ਕਪੂਰਥਲਾ, 31 ਮਈ ( ਕੌੜਾ )**-ਰੋਟਰੀ ਕਲੱਬ ਕਪੂਥਲਾ ਇਲੀਟ ਵਲੋਂ ਸਮਾਜ ਸੇਵਾ ਦੇ ਕਾਰਜਾਂ ਨੂੰ ਅੱਗੇ ਤੋਰਦਿਆਂ ਗਲੋਬਲ ਗ੍ਰਾਂਟ ਤਹਿਤ ਸਰਕਾਰੀ ਐਲੀਮੈਂਟਰੀ ਸੈਲਫਮੇਡ ਸਮਾਰਟ ਸਕੂਲ ਸ਼ੇਖੂਪੁਰ ਵਿਖੇ ਵਿਦਿਆਰਥੀਆਂ ਦੀ ਸਹੂਲਤ ਲਈ ਈਲਰਨਿੰਗ ਸਟੇਸ਼ਨ ਭੇਟ ਕੀਤਾ ਗਿਆ । ਜਿਸ ਵਿਚ ਬੱਚਿਆਂ ਨੂੰ ਕੰਪਿਊਟਰ, ਪ੍ਰੋਜੈਕਟਰ ਤੇ ਸਾਊਡ ਸਿਸਟਮ ਮੁਹੱਈਆ ਕਰਵਾਇਆ ਗਿਆ । ਜਿਸ ਰਾਹੀਂ ਬੱਚੇ ਸਮੇਂ ਦੇ ਹਾਣੀ ਬਣਦੇ ਹੋਏ ਆਧੁਨਿਕ ਤਕਨੀਕ ਨਾਲ ਲੋੜੀਂਦੀ ਵਿੱਦਿਆ ਹਾਸਲ ਕਰਨਗੇ । ਇਸ ਮੌਕੇ ਜ਼ੋਨਲ ਕੋਆਰਡੀਨੇਟਰ ਸੁਕੇਸ਼ ਜੋਸ਼ੀ, ਕਲੱਬ ਦੇ ਸਕੱਤਰ ਸਿਮਰਨਪ੍ਰੀਤ ਸਿੰਘ ਤੇ ਕਲੱਬ ਦੇ ਐਗਜ਼ੀਕਿਊਟਿਵ ਸੈਕਟਰੀ ਅਮਰਜੀਤ ਸਿੰਘ ਸਡਾਨਾ ਨੇ ਦੱਸਿਆ ਕਿ ਕਲੱਬ ਵਲੋਂ ਸਿੱਖਿਆ ਦੇ ਖੇਤਰ ਵਿਚ ਸਮੇਂ ਸਮੇਂ 'ਤੇ ਵਿਦਿਆਰਥੀਆਂ ਦੀ ਸਹੂਲਤ ਲਈ ਉਨ੍ਹਾਂ ਨੂੰ ਸਕੂਲ ਬੈਗ, ਵਰਦੀਆਂ, ਸਟੇਸ਼ਨਰੀ, ਹੈਂਡਵਾਸ਼ ਸਟੇਸ਼ਨ ਤੇ ਈ ਲਰਨਿੰਗ ਸਟੇਸ਼ਨ ਮੁਹੱਈਆ ਕਰਵਾਏ ਜਾਂਦੇ ਹਨ ਤੇ ਇਹ ਪ੍ਰੋਜੈਕਟ ਵੀ ਗਲੋਬਲ ਗ੍ਰਾਂਟ ਤਹਿਤ ਸ਼ੇਖੂਪੁਰ ਸਕੂਲ ਵਿਖੇ ਕੀਤਾ ਗਿਆ ਹੈ । ਇਸ ਮੌਕੇ ਸੈਂਟਰ ਹੈੱਡ ਟੀਚਰ ਜੈਮਲ ਸਿੰਘ, ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਸਿੰਘ ਜੋਸਨ ਨੇ ਰੋਟਰੀ ਕਲੱਬ ਇਲੀਟ ਦਾ ਸਕੂਲ ਨੂੰ ਈ ਲਰਨਿੰਗ ਸਟੇਸ਼ਨ ਦੇਣ 'ਤੇ ਧੰਨਵਾਦ ਕੀਤਾ । ਇੱਥੇ ਜ਼ਿਕਰਯੋਗ ਹੈ ਕਿ ਸ਼ੇਖੂਪੁਰ ਸਕੂਲ ਵਿਖੇ ਗਲੋਬਲ ਗ੍ਰਾਂਟ ਤਹਿਤ ਪਹਿਲਾਂ ਰੋਟਰੀ ਕਲੱਬ ਇਲੀਟ ਵਲੋਂ ਹੈਂਡਵਾਸ਼ ਸਟੇਸ਼ਨ ਵੀ ਭੇਟ ਕੀਤਾ ਗਿਆ ਹੈ । ਇਸ ਮੌਕੇ ਸੀਨੀਅਰ ਪੱਤਰਕਾਰ ਅਮਰਜੀਤ ਕੋਮਲ, ਨੀਤੂ ਆਨੰਦ, ਕੁਲਦੀਪ ਕੌਰ, ਮੋਨਿਕਾ ਅਰੋੜਾ, ਮਮਤਾ ਦੇਵੀ, ਸ਼ੈਲਜਾ ਸ਼ਰਮਾ, ਰਚਨਾ ਪੁਰੀ, ਮਨਮੋਹਨ ਕੌਰ, ਕਮਲਦੀਪ ਬਾਵਾ, ਬਰਿੰਦਾ ਸ਼ਰਮਾ, ਸ਼ਮਾ ਰਾਣੀ, ਮੰਜੂ ਰਾਣੀ ਤੇ ਹੋਰ ਹਾਜ਼ਰ ਸਨ ।

## ਸੇਵਾ ਮੁਕਤੀ ਮੌਕੇ ਬਿਜਲੀ ਬੋਰਡ ਦੇ ਜੇ ਈ ਰਾਮ ਲੁਭਾਇਆ ਸਨਮਾਨਿਤ-37 ਸਾਲ ਨਿਭਾਈਆਂ ਸ਼ਾਨਦਾਰ ਸੇਵਾਵਾਂ



**ਨਵਾਂਸਹਿਰ 31 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਜੇ ਈ ਰਾਮ ਲੁਭਾਇਆ 37 ਸਾਲ ਦੀਆਂ ਸ਼ਾਨਦਾਰ ਸੇਵਾਵਾਂ ਨਿਭਾਉਣ ਉਪਰੰਤ ਸੇਵਾ ਮੁਕਤ ਹੋ ਗਏ। ਇਸ ਮੌਕੇ ਉਨ੍ਹਾਂ ਵੱਲੋਂ ਪਰਮਾਤਮਾ ਦੇ ਸ਼ੁਕਰਾਨੇ ਵਾਸਤੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪੁਆਏ ਗਏ। ਵਿਭਾਗ ਦੇ ਅਧਿਕਾਰੀਆਂ ਕਰਮਚਾਰੀਆਂ ,ਸਾਕ ਸਬੰਧੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ। ਮਹਿਕਮੇ ਵੱਲੋਂ ਉਨ੍ਹਾਂ ਦੀਆਂ ਸ਼ਾਨਦਾਰ ਕਿਰਤਾਂ ਦੀ ਸ਼ਲਾਘਾ ਕੀਤੀ ਗਈ। ਐਸ ਡੀ ਓ ਦਰਬਾਰਾ ਸਿੰਘ ਅਤੇ ਅਰੁਣ ਸ਼ੇਖਰ ਨੇ ਕਿਹਾ ਕਿ ਰਾਮ ਲੁਭਾਏ ਨੇ ਦਿਨ ਰਾਤ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਅਤੇ ਕਦੀ ਵੀ ਅਫ਼ਸਰਾਂ ਨੂੰ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ। ਆਪ ਨੇ ਮਹਿਕਮੇ ਦੇ ਅੜੇ ਹੋਏ ਕੰਮਾਂ ਨੂੰ ਵੀ ਸਹੀ ਢੰਗ ਨਾਲ ਸੰਚਾਲਿਤ ਕਰਕੇ ਲੋਕਾਂ ਵਿੱਚ ਭੱਲ ਬਣਾਈ। ਜ਼ਿਲ੍ਹਾ ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਵੱਖ-ਵੱਖ ਮੰਡਲਾਂ ਵਿੱਚ ਆਪਣੀ ਡਿਊਟੀ ਨਿਭਾਉਂਦਿਆਂ ਹਮੇਸ਼ਾ ਮਾਣ ਸਨਮਾਨ ਖੱਟਿਆ। ਇਸ ਮੌਕੇ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਨੇ ਪ੍ਰਕਾਸ਼ਨ ਵੱਲੋਂ ਸਨਮਾਨਿਤ ਕਰਦਿਆਂ ਕਿਹਾ ਕਿ ਕਿਰਤੀ ਸੁਭਾਅ ਦੇ ਰਾਮ ਲੁਭਾਏ ਨੇ ਹਮੇਸ਼ਾ ਆਪਣੀ ਡਿਊਟੀ ਨੂੰ ਪਹਿਲ ਦਿੱਤੀ। ਆਪਣੀ ਡਿਊਟੀ ਨੂੰ ਸਮਰਪਿਤ ਹੋ ਕੇ ਨਿਭਾਉਂਦੇ ਰਹੇ ਹਨ। ਜੀਵਨ ਸਾਥਣ ਮਨਦੀਪ ਕੌਰ ਨੇ ਉਨ੍ਹਾਂ ਨੂੰ ਇਕ ਸਫ਼ਲ ਜੇ ਈ ਬਣਾਉਣ ਵਿੱਚ ਅਹਿਮ ਭੂਮਿਕਾ ਅਦਾ ਕੀਤੀ। ਬੇਟੇ ਸੁਨੀਲ ਕੁਮਾਰ ,ਗੌਰਵ ਗੱਡੂ ਅਤੇ ਰਵੀ ਕੁਮਾਰ ਨੇ ਮਾਪਿਆਂ ਤੋਂ ਪ੍ਰੇਰਨਾ ਲੈ ਕੇ ਮਿਹਨਤ ਅਤੇ ਲਗਨ ਨਾਲ ਕਨੇਡਾ ਵਿੱਚ ਝੰਡੇ ਗੱਡੇ ਹਨ। ਸਨਮਾਨਿਤ ਕਰਨ ਵਾਲੀਆਂ ਸੰਸਥਾਵਾਂ ਵਿੱਚ ਬਿਜਲੀ ਬੋਰਡ ਦਫਤਰ ਦਾ ਸਟਾਫ਼ ਅਤੇ ਪੰਜਾਬ ਟੈਕਨੀਕਲ ਸਰਵਿਸਿਜ਼ ਯੂਨੀਅਨ ਸੜੋਆ, ਸ਼ਹੀਦ ਭਗਤ ਸਿੰਘ ਨਗਰ ਸ਼ਾਮਿਲ ਹਨ। ਸਨਮਾਨ ਸਮਾਰੋਹ ਮੌਕੇ ਜੋਗਿੰਦਰ ਸਿੰਘ ਹੀਰ ,ਚੰਨਣ ਕੌਰ, ਪ੍ਰਿੰਸੀਪਲ ਮਨਜੀਤ ਕੌਰ, ਬਲਵਿੰਦਰ ਸਿੰਘ, ਵਿਨੋਦ ਕੁਮਾਰ, ਸਤਨਾਮ ਸਿੰਘ, ਅਤਿੰਦਰ ਕੁਮਾਰ, ਕੁਲਦੀਪ ਕੁਮਾਰ, ਸਤੀਸ਼ ਕੁਮਾਰ, ਗੁਰਦਿਆਲ ਸਿੰਘ,ਮੇਜਰ ਸਿੰਘ, ਅਮਰੀਕ ਸਿੰਘ,ਸਤਨਾਮ ਸਿੰਘ, ਜਸਬੀਰ ਸਿੰਘ ਹਾਜ਼ਰ ਹੋਏ।

## ਸ਼੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਪਾਰਲੀਮੈਂਟ ਸਟੈਂਡਿੰਗ ਕਮੇਟੀ ਦੀ ਮੀਟਿੰਗ ਦੀ ਕੀਤੀ ਅਗਵਾਈ

**ਨਵਾਂਸ਼ਹਿਰ, 31 ਮਈ (ਜਤਿੰਦਰਪਾਲ ਸਿੰਘ ਕਲੇਰ):** ਸ਼੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ ਨੇ ਸ਼੍ਰੀਨਗਰ ਅਤੇ ਗੁਲਮਰਗ ਵਿਖੇ ਆਯੋਜਿਤ ਪਾਰਲੀਮੈਂਟ ਸਟੈਂਡਿੰਗ ਕਮੇਟੀ (ਕੈਮੀਕਲ ਐਂਡ ਫਰਟੀਲਾਈਜ਼ਰ) ਦੀ ਅਹਿਮ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਇਸ ਸਟੱਡੀ ਟੂਰ ਦੌਰਾਨ ਕਮੇਟੀ ਦੇ ਚੇਅਰਮੈਨ ਕੀਰਤੀ ਆਜ਼ਾਦ ਦੀ ਅਚਾਨਕ ਸਿਹਤ ਖ਼ਰਾਬ ਹੋਣ ਕਾਰਨ, ਐਮ.ਪੀ. ਮਲਵਿੰਦਰ ਸਿੰਘ ਕੰਗ ਨੂੰ ਬਤੌਰ ਐਕਟਿੰਗ ਚੇਅਰਮੈਨ ਮੀਟਿੰਗ ਦੀ ਅਗਵਾਈ ਕਰਨ ਦਾ ਮਾਣ ਹਾਸਲ ਹੋਇਆ।

ਮੀਟਿੰਗ ਦੌਰਾਨ ਦੇਸ਼ ਵਿੱਚ ਖੇਤੀਬਾੜੀ ਸੈਕਟਰ ਨੂੰ ਮਜ਼ਬੂਤ ਕਰਨ ਅਤੇ ਭਵਿੱਖ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਅਤੇ ਸਬੰਧਤ ਮੰਤਰਾਲੇ ਦੇ ਉੱਚ ਅਧਿਕਾਰੀਆਂ ਨਾਲ ਵਿਸਥਾਰਪੂਰਵਕ ਚਰਚਾ ਕੀਤੀ ਗਈ। ਐਕਟਿੰਗ ਚੇਅਰਮੈਨ ਮਲਵਿੰਦਰ ਸਿੰਘ ਕੰਗ ਨੇ ਅਧਿਕਾਰੀਆਂ ਨਾਲ ਲੰਮੀ ਗੱਲਬਾਤ



ਕਰਦਿਆਂ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਦੇਸ਼ ਭਰ ਦੇ ਕਿਸਾਨਾਂ ਨੂੰ ਫਰਟੀਲਾਈਜ਼ਰ ਅਤੇ ਖਾਦ ਦੀ ਕਿਸੇ ਵੀ ਤਰ੍ਹਾਂ ਦੀ ਕਮੀ ਜਾਂ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਨੇ ਮੌਜੂਦਾ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਭਵਿੱਖ ਦੀਆਂ ਸੰਭਾਵਿਤ ਚੁਣੌਤੀਆਂ ਨਾਲ ਨਜਿੱਠਣ ਲਈ ਪੁਖ਼ਤਾ ਇੰਤਜ਼ਾਮ ਕਰਨ ਅਤੇ ਆਪਣੀ ਤਿਆਰੀ ਨੂੰ ਸਮੇਂ ਸਿਰ ਮੁਕੰਮਲ ਰੱਖਣ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ, ਤਾਂ ਜੋ ਖਾਦਾਂ ਦੀ ਸਪਲਾਈ ਨੂੰ ਨਿਰੰਤਰ ਬਣਾਈ ਰੱਖਿਆ ਜਾ ਸਕੇ।



# ਕੋਈ ਕਦਰਦਾਨ ਮੁੱਲ ਪਾਉਂਦਾ ਏ



ਕੋਈ ਰੀਸ ਕਦੇ ਨਈਂ ਕਰ ਸਕਦਾ
ਹਮਸ਼ੀਰਿਆਂ ਦੀ ।
ਭੈਣਾਂ ਐਵੇਂ ਨਹੀਂ ਉਡੀਕ ਕਰਦੀਆਂ
ਵੀਰਿਆਂ ਦੀ ।
ਜਿਹਨਾਂ ਮਣਕਾ ਸਮਝ ਕੇ ਬੱਕਰੀ ਦੇ
ਗਲ਼ ਪਾ ਦੇਣੈਂ ;
ਭਲਾਂ ਬੇਕਦਰਿਆਂ ਨੂੰ ਕਦਰ ਕੀ ਹੁੰਦੀ
ਹੀਰਿਆਂ ਦੀ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ -9914836037**

## ਕਦੇ - ਕਦੇ



ਮੈਂ ਸੋਚਦਾ ਹਾਂ
ਇਨਸਾਨ ਨੇ ਪਹਾੜ ਵੰਡ ਲਏ
ਨਦੀਆਂ - ਨਾਲ਼ੇ ਵੰਡ ਲਏ
ਹਰੀਆਂ - ਭਰੀਆਂ
ਘਾਟੀਆਂ ਨੂੰ ਵੰਡ ਲਿਆ
ਧਰਤੀ ਵੰਡ ਲਈ
ਤੇ ਸਰਹੱਦਾਂ ਬਣਾ ਦਿੱਤੀਆਂ ,
ਪਰ
ਮਾਨਵ ਦੀਆਂ ਭਾਵਨਾਵਾਂ
ਪਿਆਰ , ਅਹਿਸਾਸ ਤੇ
ਭਾਈਚਾਰਕ - ਸਾਂਝ ਨਹੀਂ ਵੰਡ ਹੋਈ
ਤੇ ਨਾ ਹੀ ਵੰਡ ਹੁੰਦੀ ਹੈ ,
ਪਰ ਪੰਛੀ - ਪਰਿੰਦਿਆਂ ਨੇ
ਕਦੇ ਵੀ ਧਰਤੀ ,
ਨਦੀਆਂ , ਪਹਾੜਾਂ
ਤੇ ਘਾਟੀਆਂ ਨੂੰ
ਨਹੀਂ ਵੰਡਿਆ
ਤੇ ਸ਼ਾਇਦ ਕੁਦਰਤ , ਕਾਇਨਾਤ
ਤੇ ਸਿਰਜਣਹਾਰੇ ਦੀ ਸਿਰਜਣਾ ਨੂੰ
ਕਦੇ ਵੰਡਣਾ ਵੀ ਨਹੀਂ ਚਾਹੀਦਾ ,
ਸ਼ਾਇਦ !
ਇਹੋ ਇਨਸਾਨੀਅਤ ਹੈ
ਤੇ ਪਰਮਾਤਮਾ ਪ੍ਰਤੀ ਪ੍ਰੇਮ ਵੀ।



**ਸਟੇਟ ਐਵਾਰਡੀ ਮਾਸਟਰ**
**ਸੰਜੀਵ ਧਰਮਾਣੀ**
**( ਇੰਡੀਆ ਬੁੱਕ ਆਫ**
**ਰਿਕਾਰਡਜ਼ ਹੋਲਡਰ )**
**ਸ੍ਰੀ ਅਨੰਦਪੁਰ ਸਾਹਿਬ**
**9478561356**

## ਸੋਚਦਾ ਹਾਂ

ਸੋਚਦਾ ਹਾਂ-
ਜਦ ਮੀਲੋਂ-ਮੀਲ
ਪੀਣ ਵਾਲੇ ਪਾਣੀ ਦੀ ਇੱਕ ਬੂੰਦ
ਵੀ ਹੁਣ ਨਸੀਬ ਨਹੀਂ ਹੁੰਦੀ
ਤਾਂ ਇਹ ਜੋ ਨਿਰੰਤਰ ਵਹਿੰਦੇ
ਕਾਲੇ ਰੰਗ ਦੇ ਜ਼ਹਿਰੀ ਦਰਿਆ,
ਨਹਿਰਾਂ,ਸੂਏ,ਕੱਸੀਆਂ,ਖਾਲਿਆਂ ਦੇ ਪਾਣੀ
ਧਰਤੀ ਦੀ ਕੁੱਖ 'ਚ ਫਿਰ
ਕਿਉਂ ਸਮਾਈ ਜਾਂਦੇ ਨੇ?
ਇਹਨੂੰ ਬਾਂਝ ਕਾਹਤੋਂ ਬਣਾਈ ਜਾਂਦੇ ਨੇ?

ਸੋਚਦਾ ਹਾਂ-
ਸਾਡਾ ਭਾਖੜਾ ਤਾਂ ਅੰਮ੍ਰਿਤ-ਕੁੰਡ ਹੈ-
ਕਿਉਂ ਇਸ ਅੰਮ੍ਰਿਤ ਸੋਮੇ ਨੂੰ
ਜ਼ਹਿਰ ਦੀ ਪੁੱਠ ਚੜ੍ਹਾਈ ਜਾਂਦੇ ਨੇ?
ਇਹ ਅਣਗਹਿਲੀ ਤਾਂ ਕਦਾਚਿਤ ਨਹੀਂ ਹੋ ਸਕਦੀ,
ਜ਼ਰੂਰ,ਕਈ ਸਾਜ਼ਿਸ਼ੀ
ਕਹਿਰ ਕਮਾਈ ਜਾਂਦੇ ਨੇ।

ਸੋਚਦਾ ਹਾਂ-
ਅਸੀਂ ਕਿਸ ਖ਼ੁਸ਼-ਫਿਹਮੀ ਦਾ ਸ਼ਿਕਾਰ ਹੋ ਗਏ ਹਾਂ?
ਆਪਣੇ ਮਿਹਰਬਾਨ ਪਾਣੀਆਂ ਨੂੰ,
ਅਜਿਹੇ ਪ੍ਰਦੂਸ਼ਿਤ ਵਾਤਾਵਰਨ 'ਚ,
ਵਿਸ਼ ਨਾਲ ਭਰ-ਭਰ ਗੰਧਲਾ ਬਣਾਈ ਜਾਂਦੇ ਹਾਂ।



ਸੋਚਦਾ ਹਾਂ-
ਕਦੋਂ ਤਕ
ਸਾਡੀਆਂ ਜ਼ਿੰਦਗਾਨੀਆਂ
ਅਤੇ
ਸਾਡੀਆਂ ਆਉਣ ਵਾਲੀਆਂ ਨਸਲਾਂ
ਇਸ ਮਿਹਰਬਾਨੀ ਦੀ ਕੀਮਤ
ਚੁਕਾਉਂਦੀਆਂ ਰਹਿਣਗੀਆਂ?

ਵੈਸੇ,
ਪਾਣੀਆਂ ਦੇ ਮੁੱਦੇ ਤਾਂ
ਕੇਵਲ ਇਨ੍ਹਾਂ ਨੂੰ ਹੋਰ 'ਰਿੜਕਣਾ'ਹੀ ਰਹਿ ਗਿਆ
ਅੱਜ ਤਾਂ ਕੇਵਲ -
ਜ਼ਿੰਦਗੀ ਅਤੇ ਮੌਤ ਵਿਚਕਾਰ
ਵਗਦੇ ਪਾਣੀਆਂ ਬਾਰੇ ਇੱਕੋ ਸਵਾਲ ਹੈ?
ਸੋਚਦਾ ਹਾਂ- ਇਸ ਦਾ ਹੱਲ ਕੌਣ ਕਰੂ?



**ਸੁਰਜੀਤ ਸਿੰਘ ਭੁੱਲਰ**
**(ਪੁਸਤਕ- 'ਰੂਹ ਦੀ ਰੁੱਤ'-ਪੰਨਾ 58 ਵਿੱਚੋਂ)**

## ਨਿਸ਼ਾਨ

ਜੇ ਗੱਲ ਸਿਰਫ਼ ਨਿਸ਼ਾਨ ਦੀ ਸੀ,
ਫਿਰ ਤਿਰੰਗਾ ਵੀ ਕਿਉਂ?
ਜੇ ਫਰਕ ਨਹੀਂ ਪੈਂਦਾ,
ਫਿਰ ਤਕਲੀਫ ਵੀ ਕਿਉਂ?

ਨਿਸ਼ਾਨ ਕੱਪੜਾ ਨਹੀਂ ਹੁੰਦਾ,
ਇਹ ਪਹਿਚਾਣ ਹੁੰਦੀ ਹੈ।
ਦਿਲ ਦੀ ਅਵਾਜ਼ ਹੁੰਦੀ ਹੈ,
ਕੌਮ ਦੀ ਜਾਨ ਹੁੰਦੀ ਹੈ।

ਤਿਰੰਗਾ ਮੇਰੇ ਦੇਸ਼ ਦੀ ਸ਼ਾਨ,
ਕੇਸਰੀ ਮੇਰੇ ਧਰਮ ਦਾ ਮਾਣ।
ਦੋਵਾਂ ਦਾ ਆਪੋ-ਆਪਣਾ ਸਥਾਨ,
ਫਿਰ ਨਫ਼ਰਤ ਦਾ ਕੀ ਕੰਮ ਇੱਥੇ ਜਾਨ?

ਨਿਸ਼ਾਨ ਲਹਿਰਾਉਣਾ ਗੁਨਾਹ ਨਹੀਂ,
ਪਰ ਦੂਜੇ ਨੂੰ ਨੀਵਾਂ ਦਿਖਾਉਣਾ ਸਹੀ ਨਹੀਂ।
ਇੱਕ ਦੂਜੇ ਦਾ ਸਤਿਕਾਰ ਕਰੀਏ,
ਇਹੀ ਸਾਡਾ ਧਰਮ ਕਹਿੰਦਾ ਨਹੀਂ?

ਗੁਰਮੀਤ ਡੁਮਾਣਾ ਕਹਿੰਦਾ ਸੁਣ ਭਾਈ,
ਰੰਗਾਂ 'ਚ ਫਰਕ ਪੈਂਦਾ ਜ਼ਰੂਰ ਹੈ।
ਪਰ ਦਿਲਾਂ 'ਚ ਨਫ਼ਰਤ ਪਾਉਣੀ,
ਇਹ ਕਿਹੜਾ ਦਸਤੂਰ ਹੈ?



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ,**
**ਜਲੰਧਰ**

# ਜਨਮਦਿਨ ਮੁਬਾਰਕ



**ਅਬਰਾਹਿਮ**
ਪਿਤਾ ਰੋਹਿਤ ਭੁਮਕ
ਮਾਤਾ ਨੇਹਾ
ਰਾਮ ਬਾਗ਼ ਮੋਰਿੰਡਾ

# ਨੌਜਵਾਨ ਭਾਰਤ ਸਭਾ ਵੱਲੋਂ ਪਿੰਡ ਸਵੱਦੀ ਖੁਰਦ ਵਿੱਚ ਚੱਲ ਰਹੀਆਂ ਮੁਸ਼ਕਿਲਾਂ ਸੰਬੰਧੀ ਪਿੰਡ ਦੇ ਲੋਕਾਂ ਨਾਲ ਮੀਟਿੰਗ ਕੀਤੀ ਗਈ

**ਰਾਏਕੋਟ, ਮਈ : (ਗੁਰਭਿੰਦਰ ਗੁਰੀ)** ਪਿੰਡ ਸਵੱਦੀ ਖੁਰਦ ਵਿੱਚ ਕਾਫੀ ਲੰਮੇ ਸਮੇ ਤੋਂ ਪਿੰਡ ਦੀਆਂ ਗਲੀਆਂ, ਨਾਲੀਆਂ ਤੇ ਸੜਕਾਂ ਦੀ ਹਾਲਤ ਬਹੁਤ ਤਰਸਯੋਗ ਹੈਂ, ਜਿਸ ਕਰਕੇ ਪਿੰਡ ਦੇ ਲੋਕਾਂ ਨੂੰ ਇਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈਂ , ਵਾਰਿਸ਼ ਦੇ ਮੌਸਮ ਵਿੱਚ ਛੱਪੜਾਂ ਦਾ ਪਾਣੀ ਓਵਰਫਲੋ ਹੋਣ ਕਰਕੇ ਸਾਰਾ ਪਾਣੀ ਗਲੀਆਂ ਵਿੱਚ ਖੜ੍ਹ ਜਾਂਦਾ ਹੈਂ, ਜਿਸ ਕਰਕੇ ਲੋਕਾਂ ਦਾ ਆਉਣਾ-ਜਾਣਾ ਮੁਸ਼ਕਿਲ ਹੋ ਜਾਂਦਾ ਹੈਂ, ਤੇ ਗੰਦੇ ਪਾਣੀ ਕਰਕੇ ਬੀਮਾਰੀਆਂ ਦਾ ਖਤਰਾ ਵੀ ਕਾਫੀ ਵੱਧ ਜਾਂਦਾ ਹੈਂ, ਇਸਦੇ ਨਾਲ ਕੁੱਝ ਘਰਾਂ ਵਿੱਚ ਪਾਣੀ ਦੀ ਨਿਕਾਸੀ ਲਈ ਨਾਲੀਆਂ ਦਾ ਵੀ ਕੋਈ ਪ੍ਰਬੰਧ ਨਹੀਂ ਹੈ, ਤੇ ਪਿੰਡ ਦੇ ਖਿਡਾਰੀਆਂ ਤੇ ਨੌਜਵਾਨ ਲਈ ਪਿੰਡ ਵਿੱਚ ਕੋਈ ਖੇਡ ਮੈਦਾਨ ਤੇ ਜਿੰਮ ਦਾ ਕੋਈ ਖਾਸ ਪ੍ਰਬੰਧ ਨਹੀਂ ਹੈਂ,



ਇਹਨਾਂ ਮੁਸ਼ਕਿਲਾ ਨੂੰ ਧਿਆਨ ਵਿੱਚ ਰੱਖਦਿਆਂ ਨੌਜਵਾਨ ਭਾਰਤ ਸਭਾ ਦੇ ਆਗੂ ਹਰਦੀਪ ਸਿੰਘ, ਸਵੱਦੀ , ਧਰਮਿੰਦਰ ਸਿੰਘ, ਸੁਖਜੀਵਨ ਸਿੰਘ ਖਾਲਸਾ, ਗੁਰਵਿੰਦਰ ਸਿੰਘ, ਜਸਨਦੀਪ ਸਿੰਘ, ਆਦਿ ਨੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਕਰਮਜੀਤ ਸਿੰਘ ਕੋਟਕਪੂਰਾ ਦੇ ਧਿਆਨ ਵਿੱਚ ਲਿਆਂਦਾ, ਜਿਸ ਵਿੱਚ ਪਿੰਡ ਦੇ ਲੋਕਾਂ ਨਾਲ ਗੱਲ ਬਾਤ ਕਰਕੇ ਇਹਨਾਂ ਮੁਸ਼ਕਿਲਾ ਦੇ ਹੱਲ ਲਈ ਮੌਜੂਦਾ ਸਰਕਾਰ ਦੀ ਐਮ,ਐਲ,ਏ ਸਰਬਜੀਤ ਕੌਰ ਮਾਣੂੰਕੇ ਨੂੰ ਪਿੰਡ ਦੀਆਂ ਮੰਗਾਂ ਸਬੰਧੀ 30 ਮਈ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ, ਜੇਕਰ ਹੱਲ ਨਾ ਹੋਇਆ ਤਾਂ ਸੰਘਰਸ਼ ਵਿੱਢਿਆ ਜਾਵੇਗਾ। ਇਸ ਮੌਕੇ ਪੈਟਰੋਲ ਡੀਜਲ ਦੀਆਂ ਵਧੀਆਂ ਕੀਮਤਾਂ, ਮਹਿੰਗਾਈ ਖਿਲਾਫ, ਗੈਸ ਸਿਲੰਡਰਾਂ ਦੀ ਨਿਰਵਿਘਨ ਸਪਲਾਈ ਲਈ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ।

# ਪੰਜਾਬੀ ਫੀਚਰ ਫ਼ਿਲਮ 'ਬੇਦੋਸ਼ੇ' ਚਾਰ ਜੂਨ ਨੂੰ ਹੋਵੇਗੀ ਰਿਲੀਜ਼

**ਰਾਏਕੋਟ, ਮਈ : (ਗੁਰਭਿੰਦਰ ਗੁਰੀ)** ਹੌਰੀ ਮੂਵੀਜ਼ ਅਤੇ ਸੌਫਟ ਵੇਅ ਮੀਡੀਆ ਦੇ ਬੈਨਰ ਹੇਠ ਬਣੀ ਪੰਜਾਬੀ ਫੀਚਰ ਫ਼ਿਲਮ 'ਬੇਦੋਸ਼ੇ' ਚਾਰ ਜੂਨ ਦਿਨ ਵੀਰਵਾਰ ਨੂੰ ਦੁਨੀਆ ਭਰ ਵਿੱਚ ਰਿਲੀਜ਼ ਕੀਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆ ਫਿਲਮ ਦਾ ਮੁੱਖ ਕਿਰਦਾਰ ਨਿਭਾਉਣ ਵਾਲੇ ਲੋਕ ਗਾਇਕ ਮਣੀ ਹਠੂਰ ਨੇ ਦੱਸਿਆ ਕਿ ਫਿਲਮ ਦਾ ਸੰਗੀਤ ਪ੍ਰਸਿੱਧ ਸੰਗੀਤਕਾਰ ਐਂਡ ਹਾਮੂੰ ਨੇ ਦਿੱਤਾ ਹੈ। ਫਿਲਮ ਦੇ ਲੇਖਕ ਤੇ ਨਿਰਦੇਸ਼ਕ ਗੁਰਵਿੰਦਰ ਮਾਨ ਹਨ,ਪ੍ਰੋਡਿਊਸਰ ਹਰਦਿਆਲ ਸਿੰਘ ਝੀਤਾ ਹਨ। ਇਹ ਫਿਲਮ ਦਰਸਕਾ ਵਿੱਚ ਭਾਈਚਾਰਕ ਸਾਂਝ ਅਤੇ ਆਪਸੀ ਪਿਆਰ-ਸਤਿਕਾਰ ਦਾ ਸੁਨੇਹਾ



ਦੇਵੇਗੀ,ਇਹ ਦੋ ਭਰਾਵਾ ਦੀ ਪਰਿਵਾਰਕ ਸਾਝ ਨੂੰ ਬਿਆਨ ਕਰਦੀ ਪਰਿਵਾਰਕ ਫਿਲਮ ਹੈ। ਉਨ੍ਹਾ ਦੱਸਿਆ ਕਿ ਇਸ ਫਿਲਮ ਦੀ ਸੂਟਿੰਗ ਵੱਖ-ਵੱਖ ਥਾਵਾ ਤੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਫਿਲਮਾਈ ਗਈ ਹੈ। ਉਨ੍ਹਾ ਕਿਹਾ ਕਿ ਮੈਨੂੰ ਯਕੀਨ ਹੈ ਕਿ ਮੇਰੇ ਸਰੋਤੇ ਮੇਰੇ ਗੀਤਾ ਵਾਗ ਇਸ ਫੀਚਰ ਫਿਲਮ 'ਬੇਦੋਸੇ' ਨੂੰ ਵੀ ਮਾਂ ਵਰਗਾ ਪਿਆਰ ਅਤੇ ਸਤਿਕਾਰ ਦੇਣਗੇ। ਇਸ ਮੌਕੇ ਉਨ੍ਹਾ ਹਰਮਨ-ਜੋਤ ਸਿੰਘ ਅਤੇ ਫਿਲਮ ਵਿਚ ਸਹਿਯੋਗ ਦੇਣ ਵਾਲਿਆ ਦਾ ਧੰਨਵਾਦ ਕੀਤਾ।

# ਪੀਰ ਬਾਬਾ ਨੌ ਗਜੀਆ ਦੀ ਦਰਗਾਹ ਤੇ ਸਲਾਨਾ ਭੰਡਾਰਾ ਅਤੇ ਸੱਭਿਆਚਾਰਕ ਮੇਲਾ ਕਰਵਾਇਆ

**ਰਾਏਕੋਟ, ਮਈ : (ਗੁਰਭਿੰਦਰ ਗੁਰੀ)** ਡੱਲਾ ਅਤੇ ਪਿੰਡ ਕਾਉਕੇ ਕਲਾਂ ਦੇ ਵਿਚਕਾਰ ਪੀਰ ਬਾਬਾ ਨੌ ਗਜੀਆ ਦੀ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਦਿਆਲੂ ਸ਼ਾਹ ਜੀ ਦੀ ਅਗਵਾਈ ਹੇਠ ਇਲਾਕੇ ਦੀਆ ਸੰਗਤਾ ਦੇ ਸਹਿਯੋਗ ਨਾਲ 18ਵਾਂ ਭੰਡਾਰਾ ਅਤੇ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਇਸ ਮੇਲੇ ਦੀ ਸੁਰੂਆਤ ਖਤਮ ਸ਼ਰੀਫ ਨਾਲ ਕੀਤੀ ਗਈ। ਇਸ ਮੌਕੇ ਪੀਰ ਬਾਬਾ ਨੌ ਗਜੀਆ ਦੀ ਦਰਗਾਹ ਤੇ ਚਾਦਰ ਚੜਾਉਣ ਅਤੇ ਝੰਡਾ ਦੀ ਰਸਮ ਪ੍ਰਬੰਧਕੀ ਕਮੇਟੀ ਨੇ ਸਾਝੇ ਤੌਰ ਤੇ ਕੀਤੀ ਇਸ ਮੌਕੇ ਨਾਜਕ ਅਲੀ ਫੈਜ ਨੇ ਕਵਾਲੀਆ ਪੇਸ ਕੀਤੀਆ। ਇਸ ਮੌਕੇ ਕਰਨ ਸਿੰਗਲਾ ਬਲੱਡ ਸੈਂਟਰ ਵੱਲੋ ਖੂਨਦਾਨ ਕੈਂਪ ਲਗਾਇਆ ਗਿਆ ਜਿਸ ਵਿਚ ਇਲ-ਾਕੇ ਦੇ ਨੌਜਵਾਨਾ ਅਤੇ ਸੰਗਤਾ ਨੇ ਖੂਨਦਾਨ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਦਿਆਲੂ ਸ਼ਾਹ ਵੱਲੋ ਸੂਫੀ ਫਕੀਰਾ ਅਤੇ ਸਮੂਹ ਸੇਵਾਦਾਰਾ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਅਤੇ ਵੱਡੀ ਗਿਣਤੀ ਵਿਚ ਪਹੁੰਚੀਆ ਸੰਗਤਾ ਦਾ ਧੰਨਵਾਦ ਕੀਤਾ। ਇਸ ਮੌਕੇ





ਉਨ੍ਹਾ ਨਾਲ ਚੇਅਰਮੈਨ ਮੇਜਰ ਸਿੰਘ ਕਾਉਕੇ ਕਲਾਂ,ਇਕਬਾਲ ਮਹੁੰਮਦ ਮੀਨੀਆ,ਰਾਜੂ ਮੀਨੀਆ,ਸੇਵਕ ਸਿੰਘ ਮੱਲ੍ਹਾ,ਕਰਮਜੀਤ ਸਿੰਘ,ਕਰਮਾ ਸਿੰਘ,ਵਿੱਕੀ ਸਿੰਘ,ਸਰਪੰਚ ਬੂਟਾ ਸਿੰਘ,ਨਿਰਮਲ ਸਿੰਘ,ਜਗਰਾਜ ਸਿੰਘ, ਪਰਦੀਪ ਸਿੰਘ, ਬੂਟਾ ਸਿੰਘ,ਚਰਨ ਸਿੰਘ,ਬੀਰੂ ਸਿੰਘ,ਰਾਜੂ ਸਿੰਘ,ਪੰਮਾ ਸਿੰਘ, ਮਿੰਟੂ ਸਿੰਘ ਕਾਉਕੇ ਖੋਸਾ,ਸ਼ਿਵਦੇਵ ਸਿੰਘ,ਜੱਗਾ ਸਿੰਘ,ਨਿੰਮਾ ਸਿੰਘ,ਸ਼ਿੰਦਰਪਾਲ ਸਿੰਘ,ਸੱਤਾ ਸਿੰਘ,ਹਰਮਨ ਸਿੰਘ,ਚਰਨਾ ਸਿੰਘ,ਸੁੱਖਾ ਸਿੰਘ,ਮਿੰਟੂ ਸਿੰਘ,ਦਰਸ਼ਨ ਸਿੰਘ,ਜਤਿੰਨ ਸਿੰਘ,ਛਿੰਦਾ ਸਿੰਘ, ਵਿੱਕੀ ਸਿੰਘ ਗੁਰੂ,ਬੱਗਾ ਸਿੰਘ,ਮੁੰਨਾ ਸਿੰਘ,ਸੈਂਬਰ ਸਿੰਘ ਆਦਿ ਸੰਗਤਾ ਹਾਜ਼ਰ ਸਨ।

# ਮੈਗਾ ਪੀ.ਟੀ.ਐਮ. ਤਹਿਤ "ਸਿੱਖਿਆ ਦਾ ਮਹਾਂ ਜਸ਼ਨ" ਪ੍ਰੋਗਰਾਮ ਦੌਰਾਨ ਜਿਲ੍ਹਾ ਸਿੱਖਿਆ ਅਧਿਕਾਰੀ ਵੱਲੋਂ ਵੱਖ ਵੱਖ ਸਕੂਲਾਂ ਵਿਚ ਸ਼ਿਰਕਤ

**ਕਪੂਰਥਲਾ, 30 ਮਈ ( ਵਿਸੇਸ ਪ੍ਰਤੀਨਿਧ )-** ਮੈਗਾ ਪੀ.ਟੀ.ਐਮ. ਤਹਿਤ "ਸਿੱਖਿਆ ਦਾ ਮਹਾਂ ਜਸ਼ਨ" ਪ੍ਰੋਗਰਾਮ ਦਾ ਆਯੋਜਨ ਜਿਲ੍ਹੇ ਦੇ ਵੱਖ ਵੱਖ ਸਕੂਲਾਂ ਵਿਚ ਆਯੋਜਨ ਕੀਤਾ ਗਿਆ। ਇਸੇ ਕੜੀ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਆਰ ਸੀ ਐੱਫ, ਸਰਕਾਰੀ ਐਲੀਮੈਂਟਰੀ ਸੈਦੋ ਭੁਲਾਣਾ, ਸਰਕਾਰੀ ਐਲੀਮੈਂਟਰੀ ਸਕੂਲ ਲਾਲ ਕੋਠੀ ਵਿੱਚ ਆਯੋਜਿਤ ਸਮਾਗਮਾਂ ਦੌਰਾਨ ਜਿਲ੍ਹਾ ਸਿੱਖਿਆ ਅਧਿਕਾਰੀ (ਐਲੀ ਸਿ)ਮਮਤਾ ਬਜਾਜ ਨੇ ਵਿਸੇਸ ਤੌਰ ਤੇ ਸਿਰਕਤ ਕੀਤੀ।

ਸੈਂਟਰ ਹੈੱਡ ਟੀਚਰ ਅਜੀਤ ਸਿੰਘ ਦੀ ਦੇਖ ਰੇਖ ਹੇਠ ਹੋਏ ਸਮਾਗਮਾਂ ਵਿੱਚ ਹਰਮਿੰਦਰ ਸਿੰਘ ਜੋਸਨ ਜ਼ਿਲ੍ਹਾ ਕੋਆਰਡੀਨੇਟਰ ਅਤੇ ਡਾ. ਪਰਮਜੀਤ ਕੌਰ ਬਲਾਕ ਰੀਸੋਰਸ ਪਰਸਨ ਵਿਸ਼ੇਸ ਤੌਰ ਤੇ ਹਾਜ਼ਰ ਹੋਏ। ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਨੀਤੀ ਆਯੋਗ ਭਾਰਤ ਸਰਕਾਰ ਨੇ 2026 ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਨੰਬਰ 1 ਘੋਸ਼ਿਤ ਕਰਨ ਤੇ ਸਮੂਹ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼, ਮਿਡ ਡੇ ਮੀਲ ਵਰਕਰਾਂ ਅਤੇ ਸਫ਼ਾਈ ਸੇਵਕਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਉਹਨਾਂ ਪੰਜਾਬ ਸਰਕਾਰ ਵੱਲੋਂ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਕੂਲਾਂ ਦੀ ਕਾਇਆ



ਕਲਪ ਕਰਨ ਤੇ ਵੀ ਪੰਜਾਬ ਸਰਕਾਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ ਦੇ ਵਿਸ਼ੇਸ਼ ਉਪਰਾਲੇ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਬੈਚ ਫਿਨਲੈਂਡ ਦੀ ਯੂਨੀਵਰਸਿਟੀ ਟ੍ਰੇਨਿੰਗ ਪ੍ਰਾਪਤ ਕਰਕੇ ਆਪਣੇ ਸਕੂਲਾਂ ਅੰਦਰ ਨਵੀਆਂ ਤਕਨੀਕਾਂ ਨੂੰ ਲਾਗੂ ਕਰ ਰਹੇ ਹਨ। ਉਹਨਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਬੱਚਿਆਂ ਦਾ ਵੱਧ ਤੋਂ ਵੱਧ ਦਾਖਲਾ ਸਰਕਾਰੀ ਸਕੂਲਾਂ ਵਿੱਚ ਕਰਾਉਣ ਤਾਂ ਜੋ ਤਾਂ ਜੋ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਦਾ ਵੱਧ ਤੋਂ ਵੱਧ ਫਾਇਦਾ ਉਠਾ ਸਕਣ। ਇਸ ਮੌਕੇ ਸਕੂਲ ਵਿੱਚ ਕੰਮ ਕਰਦੇ ਅਧਿਆਪਕਾਂ, ਮਿਡ ਡੇ ਮੀਲ ਕੁੱਕ ਬੀਬੀਆਂ ਅਤੇ ਸਫ਼ਾਈ ਕਰਮਚਾਰੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਪਿੱਛਲੇ ਸੈਸ਼ਨ ਦੌਰਾਨ ਪੰਜਵੀਂ ਸ਼੍ਰੇਣੀ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਮਾਪਿਆਂ ਨੂੰ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਵਾਸਤੇ ਦਿੱਤਾ ਗਿਆ ਘਰ ਦਾ ਕੰਮ ਕਰਾਉਣ ਦੀ ਵੀ ਅਪੀਲ ਕੀਤੀ ਗਈ। ਇਸ ਮੌਕੇ ਤੇਹੈੱਡ ਟੀਚਰ ਕਿਰਨਦੀਪ ਕੌਰ, ਡਾ ਪਰਮਜੀਤ ਕੌਰ, ਰੁਪਿੰਦਰ ਕੌਰ, ਸਤਵਿੰਦਰ ਕੌਰ, ਸੁਭਮ, ਰਿੰਕੂ ਰਾਣੀ, ਹੈੱਡ ਟੀਚਰ ਪਰਮਜੀਤ ਲਾਲ, ਰਣਜੀਤ ਕੌਰ, ਰਜਿੰਦਰ ਕੌਰ, ਜਸਵਿੰਦਰ ਕੌਰ, ਪਰਮਿੰਦਰ ਸਿੰਘ, ਨਿਸ਼ਾ ਰਾਣੀ, ਬਲਵੀਰ ਕੌਰ, ਸੰਜੂ ਬਾਲਾ ਹੈੱਡ ਟੀਚਰ ਅੰਜਨਾ ਕੁਮਾਰੀ, ਕੁਲਵਿੰਦਰ ਕੌਰ, ਜਤਿੰਦਰ ਕੌਰ, ਨੇਹਾ ਕੰਬੋਜ਼, ਪਰਮਜੀਤ, ਕਰਮਜੀਤ ਕੌਰ, ਸੁਮਨਪ੍ਰੀਤ ਕੌਰ, ਪ੍ਰੀਤੀ, ਮੱਧੂ, ਜੋਤੀ ਤੋਂ ਇਲਾਵਾ ਸਕੂਲ ਮੈਨਜਮੈਂਟ ਕਮੇਟੀ ਮੈਂਬਰ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆ ਦਾ ਜਨਮ ਦਿਨ ਦੋ ਜੂਨ ਨੂੰ ਮਨਾਇਆ ਜਾਵੇਗਾ



**ਰਾਏਕੋਟ, ਮਈ : (ਗੁਰਭਿੰਦਰ ਗੁਰੀ)** ਪੰਥਕ ਦਲ ਦੇ ਸਰਪ੍ਰਸਤ ਸਿੰਘ ਸਹਿਬ ਗਿਆਨੀ ਭਾਈ ਜਸਵੀਰ ਸਿੰਘ ਖਾਲਸਾ ਦੀ ਅਗਵਾਈ ਹੇਠ ਅਤੇ ਸਮੂਹ ਸਿੱਖ ਸੰਗਤਾ ਦੇ ਸਹਿਯੋਗ ਨਾਲ ਵੀਹਵੀਂ ਸਦੀ ਦੇ ਮਹਾਨ ਯੋਧੇ ਦਮਦਮੀ ਟਕਸਾਲ ਦੇ 14 ਵੇਂ ਮੁੱਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲਿਆ ਦਾ ਜਨਮ ਦਿਨ 2 ਜੂਨ ਦਿਨ ਮੰਗਲਵਾਰ ਨੂੰ ਉਨ੍ਹਾ ਦੇ ਜਨਮ

ਅਸਥਾਨ ਗੁਰਦੁਆਰਾ ਸ੍ਰੀ ਸੰਤ ਖਾਲਸਾਂ ਪਿੰਡ ਰੋਡੇ ਨੇੜੇ ਬਾਘਾ ਪੁਰਾਣਾ ਵਿਖੇ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਅੱਜ ਪੱਤਰਕਾਰਾ ਨਾਲ ਗੱਲਬਾਤ ਕਰਦਿਆ ਇੰਟਰਨੈਸਨਲ ਪੰਥਕ ਦਲ ਆਲ ਇੰਡੀਆ ਦੇ ਕਨਵੀਨਰ ਜਥੇਦਾਰ ਦਲੀਪ ਸਿੰਘ ਚਕਰ ਨੇ ਦੱਸਿਆ ਕਿ ਇਸ ਧਾਰਮਿਕ ਸਮਾਗਮ ਵਿਚ ਪਹੁੰਚਣ ਲਈ ਸਿੱਖ ਸੰਗਤਾ ਵਿਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ ਅਤੇ ਜੱਥੇਬੰਦੀ ਦੇ ਆਗੂਆ ਰੋਜਾਨਾ ਪਿੰਡਾ ਅਤੇ ਸਹਿਰਾ ਵਿਚ ਸੰਗਤਾ ਨਾਲ ਮੀਟਿੰਗਾ ਕੀਤੀਆ ਜਾ ਰਹੀਆ ਹਨ।ਉਨ੍ਹਾ ਦੱਸਿਆ ਕਿ ਇਹ ਸਮਾਗਮ ਸਵੇਰੇ ਦਸ ਵਜੇ ਤੋ ਲੈ ਕੇ ਸਾਮ ਤਿੰਨ ਵਜੇ ਤੱਕ ਚੱਲਣਗੇ।ਉਨ੍ਹਾ ਦੱਸਿਆ ਕਿ ਇਲਾਕੇ ਦੇ ਪਿੰਡਾ ਵਿਚੋ ਸੰਗਤਾ ਬੱਸਾ ਅਤੇ ਆਪਣੇ ਵਾਹਨ ਲੈ ਕੇ ਜਾ ਰਹੀਆ ਹਨ।ਉਨ੍ਹਾ ਸਮੂਹ ਸੰਗਤਾ ਨੂੰ ਬੇਨਤੀ ਕੀਤੀ ਕਿ ਇਸ ਧਾਰਮਿਕ ਸਮਾਗਮ ਵਿਚ ਪਹੁੰਚ ਕੇ ਪੰਥ ਦੀਆ ਵੱਖ-ਵੱਖ ਸਖਸੀਅਤਾ ਦੇ ਕੀਮਤੀ ਵਿਚਾਰ ਸੁਣੋ।ਇਸ ਮੌਕੇ ਉਨ੍ਹਾ ਨਾਲ ਵੱਖ-ਵੱਖ ਆਗੂ ਹਾਜ਼ਰ ਸਨ।



ਗੁਰਲੀਨ ਕੌਰ ਭੁੱਟਾ ਪੁੱਤਰੀ ਰਵੀ ਕੁਮਾਰ ਭੁੱਟਾ ਪਿੰਡ ਨੱਥਾਨੰਗਲ ਜ਼ਿਲ੍ਹਾ ਸ਼ਹੀਦ ਭਗਤ ਨਗਰ ਨੂੰ ਲੈਮਰੀਨ ਟੈਕ ਯੂਨੀਵਰਸਿਟੀ ਰੈਲਮਾਜਰਾ ਵਲੋਂ 10+2 ਮੈਡੀਕਲ ਵਿੱਚੋ 85% ਅੰਕ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਗਿਆ।
ਫੋਟੋ ਦਾ ਵੇਰਵਾ
ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ

# ਲੁਧਿਆਣਾ ਵਿੱਚ ਮਦਾਮ ਦਾ ਨਵਾਂ ਸਟੋਰ ਲਾਂਚ, ਪੰਜਾਬ ਵਿੱਚ ਬ੍ਰਾਂਡ ਦੀ ਮੌਜੂਦਗੀ ਹੋਰ ਮਜ਼ਬੂਤ

**ਲੁਧਿਆਣਾ 31 ਮਈ (ਕਰਨੈਲ ਸਿੰਘ ਐੱਮ.ਏ.)** ਭਾਰਤ ਦੇ ਪ੍ਰਮੁੱਖ ਮਹਿਲਾ ਫੈਸ਼ਨ ਬ੍ਰਾਂਡਾਂ ਵਿੱਚੋਂ ਇੱਕ, ਮਦਾਮ ਨੇ ਸਨਵਿਊ ਪਲਾਜ਼ਾ ਵਿਖੇ ਆਪਣੇ ਨਵੇਂ ਸਟੋਰ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਸ ਨਵੇਂ ਸਟੋਰ ਦੇ ਨਾਲ, ਬ੍ਰਾਂਡ ਪੰਜਾਬ ਵਿੱਚ ਆਪਣੀ ਪ੍ਰਚੂਨ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਦਾ ਹੈ। ਇਹ ਕਦਮ ਉੱਭਰ ਰਹੇ ਅਤੇ ਤੇਜ਼ੀ ਨਾਲ ਵਿਕਾਸਸ਼ੀਲ ਬਾਜ਼ਾਰਾਂ ਵਿੱਚ ਗਾਹਕਾਂ ਲਈ ਆਧੁਨਿਕ ਅਤੇ ਟ੍ਰੈਂਡੀ ਫੈਸ਼ਨ ਲਿਆਉਣ ਲਈ ਬ੍ਰਾਂਡ ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ। ਨਵੇਂ ਸਟੋਰ ਵਿੱਚ ਮਦਾਮ ਦੇ ਨਵੀਨਤਮ ਸੰਗ੍ਰਹਿ ਸ਼ਾਮਲ ਹਨ, ਜਿਸ ਵਿੱਚ ਪੱਛਮੀ ਪਹਿਰਾਵਾ, ਰੋਜ਼ਾਨਾ ਪਹਿਰਾਵਾ, ਵਿਸ਼ੇਸ਼ ਮੌਕੇ ਦੇ ਪਹਿਰਾਵੇ ਅਤੇ ਮੌਸਮੀ ਰੁਝਾਨ ਸ਼ਾਮਲ ਹਨ। ਆਧੁਨਿਕ ਭਾਰਤੀ ਔਰਤਾਂ ਦੀਆਂ



ਵਿਕਸਤ ਹੋ ਰਹੀਆਂ ਫੈਸ਼ਨ ਤਰਜੀਹਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ, ਸਟੋਰ ਦਾ ਉਦੇਸ਼ ਲੁਧਿਆਣਾ ਦੇ ਗਾਹਕਾਂ ਨੂੰ ਇੱਕ ਆਕਰਸ਼ਕ ਫੈਸ਼ਨ ਸੰਗ੍ਰਹਿ ਅਤੇ ਇੱਕ ਵਧੀ ਹੋਈ ਖਰੀਦਦਾਰੀ ਅਨੁਭਵ ਦੇ ਨਾਲ ਇੱਕ ਪ੍ਰੀਮੀਅਮ ਪ੍ਰਚੂਨ ਅਨੁਭਵ ਪ੍ਰਦਾਨ ਕਰਨਾ ਹੈ। ਸਟੋਰ ਲਾਂਚ 'ਤੇ ਬੋਲਦੇ ਹੋਏ, ਮਦਾਮ ਦੇ ਸੀਈਓ ਅਤੇ ਮੈਨੇਜਿੰਗ ਡਾਇਰੈਕਟਰ ਅਖਿਲ ਜੈਨ ਨੇ ਕਿਹਾ ਕਿ ਲੁਧਿਆਣਾ ਤੇਜ਼ੀ ਨਾਲ ਇੱਕ ਫੈਸ਼ਨ ਅਤੇ ਜੀਵਨ ਸ਼ੈਲੀ ਬਾਜ਼ਾਰ ਵਜੋਂ ਉੱਭਰ ਰਿਹਾ ਹੈ, ਜਿਸ ਵਿੱਚ ਫੈਸ਼ਨ ਪ੍ਰਤੀ ਜਾਗਰੂਕ ਖਪਤਕਾਰਾਂ ਦੀ ਗਿਣਤੀ ਵੱਧ ਰਹੀ ਹੈ। ਸਨਵਿਊ ਪਲਾਜ਼ਾ ਵਿਖੇ ਸਾਡਾ ਨਵਾਂ ਸਟੋਰ ਮੁੱਖ ਪ੍ਰਚੂਨ ਸਥਾਨਾਂ ਵਿੱਚ ਵਿਸਤਾਰ ਕਰਨ ਅਤੇ ਟ੍ਰੈਂਡੀ ਅਤੇ ਪਹੁੰਚਯੋਗ ਫੈਸ਼ਨ ਦੀ ਭਾਲ ਕਰਨ ਵਾਲੇ ਗਾਹਕਾਂ ਨਾਲ ਸਾਡੇ ਸੰਬੰਧ ਨੂੰ ਮਜ਼ਬੂਤ ਕਰਨ ਦੀ ਸਾਡੀ ਰਣਨੀਤੀ ਦਾ ਹਿੱਸਾ ਹੈ। ਸਾਨੂੰ ਪੰਜਾਬ ਵਿੱਚ ਆਪਣੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰਨ ਅਤੇ ਖੇਤਰ ਦੇ ਹੋਰ ਗਾਹਕਾਂ ਤੱਕ ਮਦਾਮ ਅਨੁਭਵ ਪਹੁੰਚਾਉਣ ਵਿੱਚ ਖੁਸ਼ੀ ਹੋ ਰਹੀ ਹੈ। ਇਹ ਲਾਂਚ ਮੈਡਮ ਦੀ ਵਿਆਪਕ ਪ੍ਰਚੂਨ ਵਿਸਥਾਰ ਰਣਨੀਤੀ ਦੇ ਅਨੁਸਾਰ ਹੈ, ਜਿਸਦਾ ਉਦੇਸ਼ ਭਾਰਤ ਭਰ ਵਿੱਚ ਮੋਹਰੀ ਮਾਲਾਂ ਅਤੇ ਪ੍ਰਸਿੱਧ ਪ੍ਰਚੂਨ ਸਥਾਨਾਂ ਵਿੱਚ ਆਪਣੀ ਪਹੁੰਚ ਨੂੰ ਹੋਰ ਮਜ਼ਬੂਤ ਕਰਨਾ ਹੈ। ਪਿਛਲੇ ਸਾਲਾਂ ਦੌਰਾਨ, ਬ੍ਰਾਂਡ ਨੇ ਵਿਸ਼ੇਸ਼ ਬ੍ਰਾਂਡ ਆਊਟਲੇਟਾਂ ਅਤੇ ਵੱਡੇ ਪ੍ਰਚੂਨ ਭਾਈਵਾਲਾਂ ਰਾਹੀਂ ਭਾਰਤ ਭਰ ਵਿੱਚ ਇੱਕ ਮਜ਼ਬੂਤ ਮੌਜੂਦਗੀ ਬਣਾਈ ਹੈ।

# ਜਰਖੜ ਵਿਖੇ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ

- ਸੀਨੀਅਰ ਵਰਗ ਵਿੱਚ ਗਿੱਲ ਕਲੱਬ ਘਵੱਦੀ ਅਤੇ ਨੀਟਾ ਕਲੱਬ ਰਾਮਪੁਰ ਫਾਈਨਲ ਵਿੱਚ ਪੁੱਜੇ
- ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਅਤੇ ਐਚ. ਟੀ.ਸੀ.ਰਾਮਪੁਰ ਫਾਈਨਲ ਵਿੱਚ







**ਲੁਧਿਆਣਾ 31 ਮਈ (ਕਰਨੈਲ ਸਿੰਘ ਐੱਮ.ਏ.)**
ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ. ਐਸ.ਟੀ. ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ 9ਵੇਂ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਗਿੱਲ ਕਲੱਬ ਘਵੱਦੀ ਅਤੇ ਨੀਟਾ ਕਲੱਬ ਨੇ ਫਾਈਨਲ ਵਿੱਚ ਪ੍ਰਵੇਸ਼ ਕੀਤਾ ਪ੍ਰਵੇਸ਼ ਕੀਤਾ, ਉਥੇ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਹਾਕੀ ਸੈਂਟਰ ਅਤੇ ਐਚ.ਟੀ.ਸੀ.ਰਾਮਪੁਰ ਨੇ ਵੀ ਜਿੱਤਾਂ ਹਾਸਲ ਕਰਦਿਆਂ ਆਪਣੇ ਆਪ ਨੂੰ ਖਿਤਾਬੀ ਜਿੱਤ ਲਈ ਤਿਆਰ ਕੀਤਾ। ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਸੀਨੀਅਰ ਵਰਗ ਦੇ ਪਹਿਲੇ ਸੈਮੀਫਾਈਨਲ ਵਿੱਚ ਨੀਟਾ ਕਲੱਬ ਰਾਮਪੁਰ ਨੇ ਜਰਖੜ ਹਾਕੀ ਅਕੈਡਮੀ ਨੂੰ 6-4 ਗੋਲਾਂ ਦੇ ਫਰਕ ਨਾਲ ਹਰਾਇਆ । ਜਦਕਿ ਗਿੱਲ ਕਲੱਬ ਘਵੱਦੀ ਨੇ ਅਮਰਗੜ੍ਹ ਨੂੰ 4-2 ਗੋਲਾਂ ਨਾਲ ਹਰਾ ਕੇ ਪਹਿਲੀ ਵਾਰ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਘਵੱਦੀ ਦਾ ਗੋਲਕੀਪਰ ਰਾਜਦੀਪ ਸਿੰਘ ਰੋਆਇਲ ਹੀਰੋ ਆਫ ਦਾ ਮੈਚ ਬਣਿਆ । ਜੂਨੀਅਰ ਵਰਗ ਵਿੱਚ ਕਿਲਾ ਰਾਏਪੁਰ ਹਾਕੀ ਸੈਂਟਰ ਨੇ ਇੱਕ ਸੰਘਰਸ਼ ਪੂਰਨ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੂੰ 4-3 ਗੋਲਾਂ ਨਾਲ ਹਰਾਇਆ। ਕਿਲਾ ਰਾਏਪੁਰ ਦਾ ਕਸਮਪ੍ਰੀਤ ਸਿੰਘ ਹੀਰੋ ਆਫ ਦਾ ਮੈਚ ਬਣਿਆ। ਜਦਕਿ ਐਚ.ਟੀ.ਸੀ. ਰਾਮਪੁਰ ਨੇ ਇੱਕ ਵਾਰ ਫਿਰ ਵੱਡਾ ਉਲਟ ਫੇਰ ਕਰਦਿਆਂ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੂੰ 2-1 ਗੋਲਾਂ ਨਾਲ ਹਰਾ ਕੇ ਫਾਈਨਲ ਵਿੱਚ ਜਗ੍ਹਾ ਪੱਕੀ ਕੀਤੀ। ਰਾਮਪੁਰ ਦਾ ਰਾਜਵੀਰ ਸਿੰਘ ਹੀਰੋ ਆਫ ਦਾ ਮੈਚ ਬਣਿਆ। ਇਸ ਮੌਕੇ ਅੰਤਰਰਾਸ਼ਟਰੀ ਹਾਕੀ ਖਿਡਾਰੀ ਕਮਲਪ੍ਰੀਤ ਸਿੰਘ ਚਾਹਲ ਐਸਪੀ 3, ਪਦਮ ਸ਼੍ਰੀ ਬਲਦੇਵ ਸਿੰਘ, ਓਲੰਪੀਅਨ ਹਰਦੀਪ ਸਿੰਘ ਗਰੇਵਾਲ, ਉੱਘੇ ਬਿਜਨਸਮੈਨ ਹਰਬੰਸ ਸਿੰਘ ਸੈਣੀ, ਹਰਦੀਪ ਸਿੰਘ ਬੀਰਮਪੁਰ, ਸੁਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਨੇ ਵੱਖ-ਵੱਖ ਮੈਚਾਂ ਦੌਰਾਨ ਵੱਖ-ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਕਮਲਪ੍ਰੀਤ ਚਾਹਲ ਨੇ ਜਰਖੜ ਹਾਕੀ ਅਕੈਡਮੀ ਵਾਸਤੇ 50 ਹਾਕੀ ਸਟਿੱਕਾਂ ਅਤੇ ਸ੍ਰ: ਹਰਬੰਸ ਸਿੰਘ ਸੈਣੀ ਨੇ 21000 ਅਤੇ ਸ੍ਰ: ਕਰਮਜੀਤ ਸਿੰਘ ਕਾਲਾ ਯੂਐਸਏ ਨੇ 15000 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ।ਇਸ ਮੌਕੇ ਜਗਰੂਪ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਗੁਰਸਤਿੰਦਰ ਸਿੰਘ ਪ੍ਰਗਟ, ਕੁਲਦੀਪ ਸਿੰਘ ਘਵੱਦੀ, ਲਖਵਿੰਦਰ ਸਿੰਘ ਲੱਖਾ, ਗੁਰਤੇਜ ਸਿੰਘ ਲਾਡੀ ਸੁਧਾਰ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ, ਰਘਵੀਰ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਕੰਵਲਜੀਤ ਸਿੰਘ ਡੀ.ਆਈ.ਜੀ, ਬੀ.ਐਸ.ਐਫ ਵੱਲੋਂ ਅਕਾਲ ਜਿੰਮ ਦਾ ਕੀਤਾ ਉਦਘਾਟਨ

**ਲੁਧਿਆਣਾ 31 ਮਈ (ਕਰਨੈਲ ਸਿੰਘ ਐੱਮ.ਏ.)** ਅੱਜ ਲੁਧਿਆਣਾ ਦੇ ਪਿੰਡ ਜੰਡਿਆਲੀ (ਕੋਹਾੜਾ) ਵਿਖੇ ਅਕਾਲ ਜਿੰਮ ਦੇ ਉਦਘਾਟਨ ਮੌਕੇ ਸ਼੍ਰੀ ਸੁਖਮਨੀ ਸਾਹਿਬ ਦੇ ਪਵਿੱਤਰ ਪਾਠ ਕਰਵਾਇਆ ਗਿਆ । ਪਾਠ ਦੇ ਭੋਗ ਤੋਂ ਬਾਅਦ ਆਈ ਹੋਈ ਸੰਗਤ ਨੂੰ ਲੰਗਰ ਵਰਤਾਇਆ ਗਿਆ। 'ਅਕਾਲ ਜਿੰਮ' ਦਾ ਉਦਘਾਟਨ ਕੰਵਲਜੀਤ ਸਿੰਘ ਡੀ.ਆਈ. ਜੀ, ਬੀ.ਐਸ.ਐਫ ਵੱਲੋਂ ਕੀਤਾ ਗਿਆ। ਜਿੰਮ ਦੇ ਮਾਲਕ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਹੋਇਆਂ ਦੱਸਿਆ ਕਿ ਉਹਨਾਂ ਨੇ ਇਸ ਜਿੰਮ ਵਿੱਚ ਨਵੀਂ ਤਕਨੋਲਜੀ ਦੀਆਂ ਮਸ਼ੀਨਾਂ ਲਗਾਈਆਂ ਹਨ। ਜਿਸ



ਨਾਲ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਲਾਕੇ ਦੇ ਨੇੜਲੇ ਨੌਜਵਾਨਾਂ ਨੂੰ ਸਰੀਰ ਤੰਦਰੁਸਤ ਰੱਖਣ ਵਿੱਚ ਮਦਦ ਮਿਲੇਗੀ। ਇਸ ਮੌਕੇ ਰਵੀ ਪਰਾਸ਼ਰ, ਦੀਪਕ ਪਰਾਸ਼ਰ, (ਦੋਵੇਂ ਅੰਤਰਰਾਸ਼ਟਰੀ ਬਾਡੀ ਬਿਲਡਿੰਗ ਜੱਜ) ਬਾਬਾ ਗੁਰਜੀਤ ਸਿੰਘ, (ਅੰਤਰਰਾਸ਼ਟਰੀ ਸੂਟਿੰਗ ਕੋਚ), ਸਿਕੰਦਰ ਸਿੰਘ (ਰੀਜਨਲ ਡਾਇਰੈਕਟਰ, ਬਿਊਰੋ ਆਫ ਸਿਵਲ ਏਵੀਏਸ਼ਨ), ਅਕਾਸ਼ ਦੀਪ ਡਾਇਰੈਕਟਰ (ਰਾਇਲਦੀਪ ਸਿਕਉਰਿਟੀ), ਅਮਰਦੀਪ ਸਿੰਘ, (ਆਰ.ਟੀ.ਓ ਦਫ਼ਤਰ), ਸੰਦੀਪ ਸ਼ਰਮਾ ਅਤੇ ਇਲਾਕੇ ਦੇ ਪਤਵੰਤੇ ਸੱਜਣ ਮੌਜੂਦ ਸਨ। ਜਿੰਮ ਦੇ ਮਾਲਕ ਸੁਖਵੰਤ ਸਿੰਘ ਵੱਲੋਂ ਆਏ ਸੱਜਣਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ।

# ਗੁੱਗਾ ਮਾੜੀ ਅਮਲਾਲਾ ਵਿਖੇ ਭੰਡਾਰੇ ਦਾ ਆਯੋਜਨ, ਬਲਿਹਾਰ ਸਿੰਘ ਬੱਲੀ ਵੱਲੋਂ ਲੰਗਰ ਸੇਵਾ ਲਈ 5100 ਰੁਪਏ ਭੇਟ

**ਡੇਰਾਬਸੀ, 31 ਮਈ (ਸੰਜੀਵ ਸਿੰਘ ਸੈਣੀ)** ਪਿੰਡ ਅਮਲਾਲਾ ਸਥਿਤ ਗੁੱਗਾ ਮਾੜੀ ਵਿਖੇ ਧਾਰਮਿਕ ਸ਼ਰਧਾ ਅਤੇ ਉਤਸ਼ਾਹ ਨਾਲ ਭੰਡਾਰੇ ਦਾ ਆਯੋਜਨ ਕੀਤਾ ਗਿਆ। ਇਹ ਭੰਡਾਰਾ ਭਗਤ ਬਾਬਾ ਪ੍ਰਿੰਸ ਜੀ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਜ਼ਿਲਾਂ ਕਾਂਗਰਸ ਦੇ ਵਾਇਸ ਪ੍ਰਧਾਨ ਬਲਿਹਾਰ ਸਿੰਘ ਬੱਲੀ ਨੇ ਲੰਗਰ ਸੇਵਾ ਲਈ 5100 ਰੁਪਏ ਦੀ ਰਕਮ ਭੇਟ ਕੀਤੀ। ਉਨ੍ਹਾਂ ਨੇ ਕਿਹਾ ਕਿ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਸੇਵਾ ਕਰਨਾ ਹਰ ਵਿਅਕਤੀ ਦਾ ਫਰਜ਼ ਹੈ। ਉਨ੍ਹਾਂ ਨੇ ਗੁੱਗਾ ਮਾੜੀ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਮਾੜੀ ਵਿੱਚ ਲੱਗ ਰਹੀਆਂ ਟਾਈਲਾਂ ਦੀ ਸੇਵਾ ਵਿੱਚ ਵੀ ਆਪਣਾ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ। ਭਗਤ ਬਾਬਾ ਪ੍ਰਿੰਸ ਜੀ ਨੇ ਸੰਗਤ ਅਤੇ ਸਹਿਯੋਗੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤ ਦੇ ਸਹਿਯੋਗ ਨਾਲ ਹੀ ਧਾਰਮਿਕ ਅਸਥਾਨਾਂ ਦੀ ਸੰਭਾਲ ਅਤੇ ਵਿਕਾਸ ਸੰਭਵ ਹੋ ਸਕਦਾ ਹੈ।

ਇਸ ਮੌਕੇ ਪਿਆਰਾ ਸਿੰਘ, ਬੂਟਾ ਸਿੰਘ, ਰਜਿੰਦਰ ਪੰਡਿਤ, ਸੁਸ਼ੀਲ ਕੁਮਾਰ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਸਨ। ਭੰਡਾਰੇ ਦੌਰਾਨ ਸੰਗਤ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਅਤੇ ਸ਼ਰਧਾਲੂਆਂ ਨੇ ਪੂਰੀ ਸ਼ਰਧਾ ਨਾਲ ਪ੍ਰਸਾਦ ਗ੍ਰਹਿਣ ਕੀਤਾ।



**ਲੰਗਰ ਸੇਵਾ ਲਈ ਰਾਸ਼ੀ ਭੇਟ ਕਰਦੇ ਹੋਏ ਬਲਿਹਾਰ ਬੱਲੀ ।**

# ਕਾਕਾ ਸ਼ੋਕਰ ਤੇ ਬਲਿਹਾਰ ਸਿੰਘ ਖ਼ਾਲਸਾ ਵਲੋਂ ਸਰਕਾਰੀ ਸਮਾਰਟ ਸਕੂਲ ਗੁੱਲਪੁਰ ਨੂੰ 20 ਹਜ਼ਾਰ ਦੀ ਰਾਸ਼ੀ ਭੇਟ

**ਨਵਾਂਸ਼ਹਿਰ 31 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸ਼ਹੀਦ ਸਿਪਾਹੀ ਬਲਜਿੰਦਰ ਸਿੰਘ ਸਰਕਾਰੀ ਸਮਾਰਟ ਪ੍ਰਾਇਮਰੀ ਸਕੂਲ ਗੁੱਲਪੁਰ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਦਿਨੋਂ-ਦਿਨ ਤਰੱਕੀ ਕਰ ਰਿਹਾ ਹੈ। ਸਕੂਲ ਵੈੱਲਫੇਅਰ ਕਮੇਟੀ ਦੀ ਅਗਵਾਈ ਹੇਠ ਪਿਛਲੇ ਕੁਝ ਸਾਲਾਂ ਵਿੱਚ ਸਕੂਲ ਦੀ ਬੁਨਿਆਦੀ ਢਾਂਚਾ ਅਤੇ ਪੜ੍ਹਾਈ ਦੇ ਪੱਧਰ ਵਿੱਚ ਵੱਡਾ ਸੁਧਾਰ ਹੋਇਆ ਹੈ।

ਇਸ ਕੜੀ ਤਹਿਤ ਕਾਕਾ ਸ਼ੋਕਰ, ਯੂ.ਐੱਸ.ਏ ਅਤੇ ਬਲਿਹਾਰ ਸਿੰਘ ਖ਼ਾਲਸਾ ਜੋ ਕਿ ਸਵ: ਸ. ਸਾਧੂ ਸਿੰਘ ਸੈਕਟਰੀ ਦੇ ਪਰਿਵਾਰ ਨਾਲ ਸਬੰਧ ਰੱਖਦੇ ਹਨ, ਵੱਲੋਂ ਸਕੂਲ ਲਈ 20,000 ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਦਾਨੀ ਸੱਜਣਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਦੇ ਬੱਚੇ ਵੀ ਵਧੀਆ ਸਹੂਲਤਾਂ ਦੇ ਹੱਕਦਾਰ ਹਨ। ਉਨ੍ਹਾਂ ਦੀ ਇਹ ਕੋਸ਼ਿਸ਼ ਸਕੂਲ ਦੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਾਹੌਲ ਦੇਣ ਲਈ ਹੈ।

ਇਸ ਮੌਕੇ ਸਕੂਲ ਸਟਾਫ ਵਿੱਚੋਂ ਮੈਡਮ ਸਨੇਹ ਲਤਾ, ਮੈਡਮ ਅਮਰਜੀਤ ਕੌਰ, ਮਹਿੰਦਰ ਕੌਰ, ਬਿਮਲਾ ਦੇਵੀ, ਸੰਤੋਸ਼ ਰਾਣੀ ਅਤੇ ਐੱਸ.ਐੱਮ.ਸੀ ਮੈਂਬਰ ਕੁਲਦੀਪ ਸਿੰਘ ਹਾਜ਼ਰ ਸਨ। ਸਕੂਲ ਪ੍ਰਬੰਧਕਾਂ ਨੇ ਦਾਨੀ ਸੱਜਣਾਂ ਦਾ ਦਿਲੋਂ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ। ਸਕੂਲ ਮੁਖੀ ਨੇ ਕਿਹਾ ਕਿ ਪਿਛਲੇ ਸਾਲਾਂ ਵਿੱਚ ਪਿੰਡ ਵਾਸੀਆਂ ਅਤੇ ਪ੍ਰਵਾਸੀ ਪੰਜਾਬੀਆਂ ਦੇ ਸਹਿਯੋਗ ਸਦਕਾ ਹੀ ਸਕੂਲ "ਸਮਾਰਟ ਸਕੂਲ" ਬਣ ਸਕਿਆ ਹੈ। ਕਲਾਸਰੂਮਾਂ ਦੀ ਮੁਰੰਮਤ, ਫਰਨੀਚਰ, ਡਿਜੀਟਲ ਸਿੱਖਿਆ ਅਤੇ ਬਾਗਬਾਨੀ ਦੇ ਕੰਮ ਦਾਨੀਆਂ ਦੀ ਮਦ ਨਾਲ ਹੀ ਸੰਭਵ ਹੋਏ ਹਨ। ਐੱਸ.ਐੱਮ.ਸੀ ਮੈਂਬਰ ਕੁਲਦੀਪ ਸਿੰਘ ਨੇ ਕਿਹਾ ਕਿ ਦਿੱਤੀ ਗਈ ਰਾਸ਼ੀ ਨੂੰ ਵਿਦਿਆਰਥੀਆਂ ਦੀਆਂ ਲੋੜਾਂ ਮੁਤਾਬਕ ਖਰਚ ਕੀਤਾ ਜਾਵੇਗਾ। ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਦਾਨੀ ਸੱਜਣਾਂ ਦੀ ਇਸ ਮਦ ਦਾ ਮੁੱਲ ਪਾ ਕੇ ਮਿਹਨਤ ਨਾਲ ਪੜ੍ਹਨ। ਪਿੰਡ ਵਾਸੀਆਂ ਨੇ ਵੀ ਦਾਨੀ ਸੱਜਣਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਦਾਹਰਨਾਂ ਨਾਲ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਭਰੋਸਾ ਵਧਦਾ ਹੈ। ਸਕੂਲ ਸਟਾਫ ਨੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਸੇਵੀ ਲੋਕ ਅੱਗੇ ਆਉਂਦੇ ਰਹਿਣਗੇ।



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਨਵਾਂਸ਼ਹਿਰ 31 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਜੀਆਂ ਦੀਆਂ ਹਦਾਇਤਾਂ ਤਹਿਤ ਅਤੇ ਮਾਣਯੋਗ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਸ਼੍ਰੀ ਜਤਿੰਦਰ ਪਾਲ ਸਿੰਘ ਖੁਰਮੀ ਜੀਆਂ ਅਤੇ ਸਿਵਲ ਜੱਜ ( ਸੀਨੀਅਰ ਡੀਵੀਜ਼ਨ)/ ਸੀ.ਜੇ.ਐਮ-ਕਮ-ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਡਾ. ਅਮਨਦੀਪ ਜੀਆਂ ਦੇ ਨਿਰਦੇਸ਼ਾਂ ਤਹਿਤ ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਪਿੰਡ ਪੱਲੀਆ ਖੁਰਦ , ਜਿਲ੍ਹਾ ਸਹੀਦ ਭਗਤ ਸਿੰਘ ਨਗਰ ਵਿੱਚ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ ਕਾਨੂੰਨੀ ਜਾਗਰੂਕਤਾ ਸੈਮੀਨਾਰ ਕਰਵਾਇਆ ।ਦਫਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਪੈਰਾ ਲੀਗਲ ਵਲੰਟੀਅਰਜ਼ ਬਲਦੇਵ ਭਾਰਤੀ ਅਤੇ ਸਿਮਰਨਜੋਤ ਕੌਰ ਵੱਲੋ ਵਿਸ਼ਵ ਤੰਬਾਕੂ ਰਹਿਤ ਦਿਵਸ ਮੌਕੇ 'ਤੇ, ਰਾਹੋਂ ਵਿਖੇ ਆਮ ਲੋਕਾਂ ਨੂੰ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਤੰਬਾਕੂ ਦੇ ਸੇਵਨ ਨਾਲ ਹੋਣ ਵਾਲੇ ਮਾੜੇ ਪ੍ਰਭਾਵਾਂ ਅਤੇ ਇਸ ਨਾਲ ਜੁੜੇ ਕਾਨੂੰਨੀ ਪਹਿਲੂਆਂ ਬਾਰੇ ਜਾਗਰੂਕ ਕਰਨਾ ਸੀ। ਸੈਮੀਨਾਰ ਦੌਰਾਨ ਪੈਰਾ ਲੀਗਲ ਵਲੰਟੀਅਰ ਬਲਦੇਵ ਭਾਰਤੀ ਅਤੇ ਸਿਮਰਨਜੋਤ ਕੌਰ ਨੇ ਦੱਸਿਆ ਕਿ ਤੰਬਾਕੂ ਸੇਵਨ ਕੈਂਸਰ, ਦਿਲ ਦੇ ਰੋਗਾਂ ਅਤੇ ਸਾਹ ਦੀਆਂ ਬਿਮਾਰੀਆਂ ਦਾ ਮੁੱਖ ਕਾਰਨ ਹੈ। ਇਸ ਮੌਕੇ *ਛੌਠਫਅ ਐਕਟ 2003* ਤਹਿਤ ਜਨਤਕ ਥਾਵਾਂ ਤੇ ਤੰਬਾਕੂ ਪੀਣ, ਨਾਬਾਲਗਾਂ ਨੂੰ ਤੰਬਾਕੂ ਵੇਚਣ ਅਤੇ ਵਿਦਿਅਕ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਵਿੱਚ ਤੰਬਾਕੂ ਉਤਪਾਦ ਵੇਚਣ ਤੇ ਪਾਬੰਦੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਪੈਰਾ ਲੀਗਲ ਵਲੰਟੀਅਰ ਵੱਲੋਆਮ ਲੋਕਾਂ ਨੂੰ ਮੁਫਤ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ । ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਮੁਫ਼ਤ ਕਾਨੂੰਨੀ ਸਹਾਇਤਾ ਲਈ *ਟੋਲ ਫ੍ਰੀ ਨੰਬਰ 15100* ਤੇ ਸੰਪਰਕ ਕਰ ਸਕਦੇ ਹਨ।



# ਭਾਜਪਾ ਦੀ ਤਾਨਾਸ਼ਾਹੀ ਨੂੰ ਠੱਲ੍ਹ ਪਾਉਣ ਅਤੇ ਦੇਸ਼ ਦੇ ਫੈਡਰਲ ਢਾਂਚੇ ਦੀ ਰਾਖੀ ਲਈ ਸਮੂਹ ਲੋਕਾਂ ਦਾ ਏਕਾ ਸਮੇਂ ਦੀ ਮੁੱਖ ਲੋੜ

**● ਕਾਮਰੇਡ ਬੰਤ ਸਿੰਘ ਬਰਾੜ ਕਾਰਪੋਰੇਟ ਪੱਖੀ ਨੀਤੀਆਂ ਦਾ ਹੁਕਮਰਾਨ ਸਰਕਾਰਾਂ ਤੁਰੰਤ ਤਿਆਗ ਕਰਨਾ ਅਤੇ ਪੰਜਾਬ ਦੇ ਬੁਨਿਆਦੀ ਮਸਲੇ ਮੋਦੀ ਸਰਕਾਰ ਵੱਲੋਂ ਤੁਰੰਤ ਹੱਲ ਕੀਤੇ ਜਾਣ- ਹਰਦੇਵ ਅਰਸ਼ੀ। ● ਸੀ ਪੀ ਆਈ ਜ਼ਿਲ੍ਹਾ ਫਰੀਦਕੋਟ ਵੱਲੋਂ ਜ਼ਿਲ੍ਹਾ ਪੱਧਰ ਦੀ ਸਫਲ ਕਨਵੈਨਸ਼ਨ ਤੋਂ ਬਾਅਦ ਸ਼ਹਿਰ ਵਿੱਚ ਕੀਤਾ ਗਿਆ ਰੋਸ ਮਾਰਚ ● ਪਿੰਡ ਔਲ਼ਖ ਵਿਖੇ ਸ਼ਹੀਦ ਕਾਮਰੇਡ ਅਮੋਲਕ ਸਿੰਘ ਔਲਖ ਅਤੇ ਛੇ ਸਾਥੀਆਂ ਦਾ 35ਵਾਂ ਬਰਸੀ ਸਮਾਗਮ 7 ਜੂਨ ਨੂੰ**









**ਫ਼ਰੀਦਕੋਟ (ਸ਼ਿਵਨਾਥ )** " ਕੇਂਦਰੀ ਹੁਕਮਰਾਨ ਮੋਦੀ ਸਰਕਾਰ ਨੇ ਈ ਡੀ , ਸੀ ਬੀ ਆਈ, ਹੋਰ ਜਾਂਚ ਏਜੰਸੀਆਂ ਅਤੇ ਭਾਰਤੀ ਚੋਣ ਕਮਿਸ਼ਨ ਦੀ ਦੁਰਵਰਤੋਂ ਕਰਕੇ ਜਿਸ ਤਰ੍ਹਾਂ ਦੇਸ਼ ਦੇ ਸੰਵਿਧਾਨ ਨਾਲ ਖਿਲਵਾੜ ਕਰਕੇ ਤਾਨਾਸ਼ਾਹੀ ਰਾਜ ਸਥਾਪਿਤ ਕੀਤਾ ਜਾ ਰਿਹਾ ਹੈ, ਉਹ ਸਾਰੇ ਦੇਸ਼ ਵਾਸੀਆਂ ਲਈ ਬਹੁਤ ਵੱਡੀ ਚੁਣੌਤੀ ਹੈ " ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਪਾਰਟੀ ਦੇ ਸਾਬਕਾ ਸੂਬਾ ਸਕੱਤਰ ਕਾਮ-ਰੇਡ ਬੰਤ ਸਿੰਘ ਬਰਾੜ ਵੱਲੋਂ ਅੱਜ ਸਥਾਨਕ ਸ਼ਹੀਦ ਕਾਮ-ਰੇਡ ਅਮੋਲਕ ਸਿੰਘ ਔਲਖ ਭਵਨ ਵਿਖੇ ਪਾਰਟੀ ਦੀ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਕੀਤਾ ਗਿਆ। ਕਨਵੈਨਸ਼ਨ ਨੂੰ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਕਾਰਪਰੇਟ ਸੈਕਟਰ ਦੇ ਦਬਾਅ ਹੇਠ ਪਿਛਲੇ 12 ਸਾਲਾਂ ਦੇ ਰਾਜ ਦੌਰਾਨ ਬੇਰੁਜ਼ਗਾਰੀ ਅਤੇ ਮਹਿੰਗਾਈ ਵਿੱਚ ਰਿਕਾਰਡ ਤੋੜ ਵਾਧਾ ਕੀਤਾ ਹੈ ਜਿਸ ਕਰਕੇ ਮਜ਼ਦੂਰਾਂ ਅਤੇ ਛੋਟੇ ਕਾਰੋਬਾਰ ਕਰਕੇ ਜੀਵਨ ਬਸ਼ਰ ਕਰਨ ਵਾਲੇ ਲੋਕਾਂ ਨੂੰ ਘਰਾਂ ਦਾ ਗੁਜ਼ਾਰਾ ਚਲਾਉਣਾ ਵੀ ਔਖਾ ਹੋ ਗਿਆ ਹੈ। ਲੋਕਾਂ ਵਿੱਚ ਦਿਨੋ-ਦਿਨ ਵਧ ਰਹੀ ਬੇਚੈਨੀ ਤੋਂ ਧਿਆਨ ਭਟਕਾਉਣ ਲਈ ਉੱਨਾਂ ਦੇ ਮਨਾਂ ਵਿੱਚ ਫਿਰਕੂ ਜ਼ਹਿਰ ਭਰਿਆ ਜਾ ਰਿਹਾ ਹੈ ਜਿਵੇਂ ਪਿਛਲੇ ਦਿਨੀ ਭਾਜਪਾ ਸ਼ਾਸਿਤ ਰਾਜਾਂ ਵਿੱਚ ਬਕਰੀਦ ਦੇ ਤਿਉਹਾਰ ਸਮੇਂ ਮੁਸਲਿਮ ਭਾਈਚਾਰੇ ਉੱਪਰ ਤਰਾਂ ਤਰਾਂ ਦੀਆਂ ਰੋਕਾਂ ਲਾਈਆਂ ਗਈਆਂ ਹਨ। ਉਹਨਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਵੱਲੋਂ ਦੇਸ਼ ਦੇ ਸੰਘੀ ਢਾਂਚੇ ਨੂੰ ਖਤਮ ਕਰਨ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ । ਪੰਜਾਬ ਦੇ ਬੁਨਿਆਦੀ ਮਸਲੇ ਜਿਵੇਂ ਕਿ ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨਾ , ਪੰਜਾਬ ਰਾਜ ਵੱਲੋਂ ਹੋਰਨਾਂ ਰਾਜਾਂ ਨੂੰ ਦਿੱਤੇ ਜਾ ਰਹੇ ਪਾਣੀ ਦਾ ਮੁੱਲ ਵਸੂਲ ਨਾ ਕਰਨਾ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨਾ ਦੇਣਾ , ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦਾ ਹਿੱਸਾ ਖਤਮ ਕਰ ਦਿੱਤਾ ਗਿਆ ਹੈ। ਕਨਵੈਨਸ਼ਨ ਨੂੰ ਸੰਬੋਧਨ ਕਰਦੇ ਹੋਏ ਜ਼ਿਲ੍ਹਾ ਕਾਰਜਕਾਰੀ ਸਕੱਤਰ ਪ੍ਰੇਮ ਚਾਵਲਾ ਨੇ ਕਿਹਾ ਕਿ ਦੇਸ਼ ਦੇ ਕਿਰਤੀ ਵਰਗ ਵੱਲੋਂ ਆਪਣੇ ਸੰਘਰਸ਼ਾਂ ਰਾਹੀਂ ਕੀਤੀਆਂ ਗਈਆਂ ਪ੍ਰਾਪਤੀਆਂ ਨੂੰ ਕਾਰਪੋਰੇਟ ਸੈਕਟਰ ਦੇ ਦਬਾਅ ਹੇਠ ਖਤਮ ਕੀਤਾ ਜਾ ਰਿਹਾ ਹੈ।

ਕਨਵੈਨਸ਼ਨ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ,ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ, ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਗੋਰਾ ਸਿੰਘ ਪਿਪਲੀ, ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ, ਕੁਲਵੰਤ ਸਿੰਘ ਚਾਨੀ, ਗੁਰ-ਚਰਨ ਸਿੰਘ ਮਾਨ ਆਊਟਸੋਰਸ ਮੁਲਾਜ਼ਮ ਆਗੂ ਬਲਕਾਰ ਸਿੰਘ ਸਹੋਤਾ , ਨਰੇਗਾ ਆਗੂ ਲਵਪ੍ਰੀਤ ਕੌਰ ਪਿਪਲੀ ਨੇ ਵੀ ਸੰਬੋਧਨ ਕੀਤਾ। ਕਨਵੈਂਸ਼ਨ ਨੇ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਮਜ਼ਦੂਰਾਂ ਦੀ ਘੱਟ ਤੋਂ ਘੱਟ ਉਜਰਤ ਵਿੱਚ ਵਾਧਾ ਕਰਦੇ ਹੋਏ ਤੀਹ ਹਜ਼ਾਰ ਰੁਪਏ ਮਹੀਨਾ ਉਜਰਤ ਲਾਗੂ ਕੀਤੀ ਜਾਵੇ , ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ , ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਹਾਈਕੋਰਟ ਦੇ ਹੁਕਮਾਂ ਨੂੰ ਲਾਗੂ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕੇਂਦਰੀ ਪੈਟਰਨ ਤੇ ਮਹਿੰਗਾਈ ਭੱਤਾ 60 ਫੀਸਦੀ ਕੀਤਾ ਜਾਵੇ ਅਤੇ ਮਾਣਯੋਗ ਅਦਾਲਤ ਨੂੰ ਗੁਮਰਾਹ ਨਾ ਕੀਤਾ ਜਾਵੇ। ਇਸ ਤੋਂ ਇਲਾਵਾ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੁਰਾਣੀ ਮਨਰੇਗਾ ਸਕੀਮ ਬਹਾਲ ਕੀਤੀ ਜਾਵੇ ਅਤੇ ਮਹਿੰਗਾਈ ਨੂੰ ਕੰਟਰੋਲ ਕੀਤਾ ਜਾਵੇ। ਦਿਨੋ ਦਿਨ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਕੀਤਾ ਗਿਆ ਵਾਧਾ ਤੁਰੰਤ ਵਾਪਸ ਲੈਣ ਦੀ ਮੰਗ ਕੀਤੀ ਗਈ। ਇਸ ਸਮੇਂ ਸਵ . ਕਾਮਰੇਡ ਸਮਿੱਤਰ ਸਿੰਘ ਬਰਾੜ ਵਾਸੀ ਪਿੰਡ ਲੰਡੇ ਦੀ ਯਾਦ ਵਿੱਚ ਪਰਿਵਾਰ ਦੇ ਮੈਂਬਰ ਪੈਨਸ਼ਨਰ ਆਗੂ ਪ੍ਰਦੀਪ ਸਿੰਘ ਬਰਾੜ ਅਤੇ ਪ੍ਰਿੰਸੀਪਲ ਗੁਰਦੀਪ ਕੌਰ ਬਰਾੜ ਦਾ ਸਨਮਾਨ ਕੀਤਾ ਗਿਆ।

ਇਸ ਮੌਕੇ ਐਲਾਨ ਕੀਤਾ ਗਿਆ ਕਿ ਹਰ ਸਾਲ ਵਾਂਗ 7 ਜੂਨ ਨੂੰ ਸ਼ਹੀਦ ਕਾਮਰੇਡ ਅਮੋਲਕ ਸਿੰਘ ਅਤੇ ਉਸਦੇ ਛੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ 35ਵਾਂ ਬਰਸੀ ਸਮਾਗਮ ਪਿੰਡ ਔਲਖ ਵਿਖੇ ਇਨਕਲਾਬੀ ਜੌਸ਼ ਨਾਲ ਮਨਾਇਆ ਜਾ ਰਿਹਾ ਹੈ। ਕਨਵੈਨਸ਼ਨ ਤੋਂ ਬਾਅਦ ਹੁਕਮਰਾਨ ਸਰਕਾਰਾਂ ਦੀਆਂ ਗਰੀਬ ਵਿਰੋਧੀ ਅਤੇ ਮਹਿੰਗਾਈ ਵਧਾਉਣ ਵਾਲੀਆਂ ਨੀਤੀਆਂ ਖਿਲਾਫ਼ ਅਤੇ ਪੰਜਾਬ ਦੇ ਬੁਨਿਆਦੀ ਮਸਲੇ ਹੱਲ ਕਰਵਾਉਣ ਵਾਸਤੇ ਜ਼ੋਰਦਾਰ ਨਾਹਰੇਬਾਜ਼ੀ ਕਰਕੇਵਰੋਸ ਮਾਰਚ ਕੀਤਾ ਗਿਆ ਜੋ ਕਿ ਵੱਖ-ਵੱਖ ਬਜ਼ਾਰਾਂ ਵਿੱਚੋਂ ਦੀ ਹੁੰਦਾ ਹੋਇਆ ਭਾਈ ਘਨਈਆ ਚੌਂਕ ਵਿਖੇ ਸਮਾਪਤ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਤਾਰ ਸਿੰਘ ਭਾਣਾ ਸਾਬਕਾ ਸਰਪੰਚ ਮੁਖਤਿਆਰ ਸਿੰਘ ਭਾਣਾ, ਗੁਰਦੀਪ ਸਿੰਘ ਦੀਪ ਸਿੰਘ ਵਾਲਾ, ਬੋਹੜ ਸਿੰਘ ਔਲ਼ਖ, ਰੇਸ਼ਮ ਸਿੰਘ ਜਟਾਣਾ , ਜਸਵੰਤ ਸਿੰਘ ਨਿੱਕਾ ਔਲਖ, ਸ਼ਿਵ ਕੁਮਾਰ ਸ਼ਰਮਾ ,ਜਗਤਾਰ ਸਿੰਘ ਪੱਪੀ ਰਾਜੋ ਵਾਲਾ, ਹਰਵਿੰਦਰ ਸ਼ਰਮਾ, ਸੋਮ ਨਾਥ ਅਰੋੜਾ, ਨਾਹਰ ਸਿੰਘ ਗਿੱਲ,ਸੁਖਦੇਵ ਸਿੰਘ ਮੱਲੀ, ਸ਼ਵਿੰਦਰ ਪਾਲ ਸਿੰਘ ਸੰਧੂ,ਕਿਸਾਨ ਆਗੂ ਜਤਿੰਦਰ ਸਿੰਘ, ਮੇਜਰ ਸਿੰਘ ਜੌਹਲ , ਇਕਬਾਲ ਸਿੰਘ ਰਣ ਸਿੰਘ ਵਾਲਾ , ਅਮਰਜੀਤ ਸਿੰਘ ਕਲੇਰ, ਜਸਵਿੰਦਰ ਸਿੰਘ ਦੀਪ ਸਿੰਘ ਵਾਲਾ , ਸਤਨਾਮ ਸਿੰਘ ਸਿਰਸੜੀ ਅਤੇ ਵੱਖ ਵੱਖ ਪਿੰਡਾਂ ਵਿੱਚੋਂ ਬਹੁਤ ਵੱਡੀ ਗਿਣਤੀ ਵਿੱਚ ਸ਼ਾਮਿਲ ਨਰੇਗਾ ਮਜ਼ਦੂਰ ਅਤੇ ਖੇਤ ਮਜ਼ਦੂਰ ਹਾਜ਼ਰ ਸਨ।

# ਮਹਿੰਗਾਈ ਦੇ ਸਮੇਂ "ਮੇਰੀ ਰਸੋਈ" ਯੋਜਨਾ ਲੋੜਵੰਦਾਂ ਲਈ ਸਹਾਰਾ ਬਣੀ - ਵਿਧਾਇਕ ਬ੍ਰਹਮ ਸ਼ੰਕਰ ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਆਮ ਲੋਕਾਂ ਦੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਅਤੇ ਲੋੜਵੰਦ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨ ਦੇ ਉਦੇਸ਼ ਨਾਲ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਮੁਹੱਲਾ ਸ੍ਰੀ ਗੁਰੂ ਰਵਿਦਾਸ ਨਗਰ ਵਿੱਚ ਕਰਵਾਏ ਇੱਕ ਪ੍ਰੋਗਰਾਮ ਦੌਰਾਨ "ਮੇਰੀ ਰਸੋਈ" ਯੋਜਨਾ ਤਹਿਤ ਵਿਸ਼ੇਸ਼ ਰਾਸ਼ਨ ਕਿੱਟਾਂ ਵੰਡੀਆਂ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ ਨੇ ਸ਼ਾਮਲ ਹੋ ਕੇ ਪੰਜਾਬ ਸਰਕਾਰ ਦੀ ਲੋਕ ਭਲਾਈ ਪਹਿਲ ਦਾ ਸਵਾਗਤ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਸ਼ਕਤ ਬਣਾਉਣ ਅਤੇ ਉਨ੍ਹਾਂ ਦੇ ਰੋਜ਼ਾਨਾ ਜੀਵਨ ਦੇ ਵਿੱਤੀ ਬੋਝ ਨੂੰ ਘਟਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ "ਮੇਰੀ ਰਸੋਈ" ਯੋਜਨਾ ਸਿਰਫ਼ ਰਾਸ਼ਨ ਵੰਡ ਤੱਕ ਸੀਮਤ ਨਹੀਂ ਹੈ, ਸਗੋਂ ਲੋੜਵੰਦ ਪਰਿਵਾਰਾਂ ਦੀ ਇੱਜ਼ਤ ਅਤੇ ਸੁਰੱਖਿਆ ਨਾਲ ਜੁੜੀ ਇੱਕ ਮਹੱਤਵਪੂਰਨ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਵਧਦੀ ਮਹਿੰਗਾਈ ਦੇ ਸਮੇਂ ਲੋੜਵੰਦ ਪਰਿਵਾਰਾਂ ਨੂੰ ਰਾਹਤ ਪ੍ਰਦਾਨ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਦ੍ਰਿਸ਼ਟੀਕੋਣ ਦੇ ਅਨੁਸਾਰ ਰਾਜ ਭਰ ਦੇ ਲੱਖਾਂ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਵੰਡੀਆਂ ਜਾ ਰਹੀਆਂ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਵੀ ਪਰਿਵਾਰ ਨੂੰ ਆਪਣੀਆਂ ਰਸੋਈਆਂ 'ਤੇ ਵਿੱਤੀ ਦਬਾਅ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਇਹ ਯੋਜਨਾ ਲੋੜਵੰਦ ਪਰਿਵਾਰਾਂ ਲਈ ਇੱਕ ਮਹੱਤਵਪੂਰਨ ਰਾਹਤ ਹੈ, ਜਿਸ ਨਾਲ ਰਸੋਈ ਦੇ ਖਰਚੇ ਕਾਫ਼ੀ ਘੱਟ ਜਾਂਦੇ ਹਨ। ਰਾਸ਼ਨ ਕਿੱਟ ਵਿੱਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਨਮਕ, 200 ਗ੍ਰਾਮ ਹਲਦੀ ਅਤੇ 1 ਲੀਟਰ ਸਰ੍ਹੋਂ ਦਾ ਤੇਲ ਸ਼ਾਮਲ ਹੈ। ਇਸ ਤੋਂ ਇਲਾਵਾ ਹਰੇਕ ਲਾਭਪਾਤਰੀ ਪਰਿਵਾਰ ਨੂੰ ਹਰ ਤਿੰਨ ਮਹੀਨਿਆਂ ਵਿੱਚ ਹੋਰ ਘਰੇਲੂ ਜ਼ਰੂਰੀ ਚੀਜ਼ਾਂ ਵਾਲੀ ਇੱਕ ਵਿਸ਼ੇਸ਼ ਰਾਸ਼ਨ ਕਿੱਟ ਮਿਲੇਗੀ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ, ਬਿਜਲੀ ਅਤੇ ਸਮਾਜਿਕ ਸੁਰੱਖਿਆ ਦੇ ਖੇਤਰਾਂ ਵਿੱਚ ਇਤਿਹਾਸਕ ਤਰੱਕੀ ਕਰ ਰਹੀ ਹੈ। ਮੁਫ਼ਤ ਬਿਜਲੀ, ਬਿਹਤਰ ਸਿਹਤ ਸੰਭਾਲ ਅਤੇ ਹੋਰ ਜਨਤਕ ਭਲਾਈ ਸਕੀਮਾਂ ਦਾ ਸਿੱਧਾ ਲਾਭ ਲੋਕਾਂ ਨੂੰ ਮਿਲ ਰਿਹਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਵਿਕਾਸ ਅਤੇ ਜਨਤਕ ਸੇਵਾ ਦੇ ਲਾਭ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚਣ।

# ਆਨਲਾਈਨ ਪੋਰਟਲ ਰਾਹੀਂ ਹੋ ਰਹੀਆਂ ਬਦਲੀਆਂ ਵਿੱਚ ਸਮੂਹ ਅਧਿਆਪਕ ਵਰਗ ਨੂੰ ਮਿਲੇ ਬਦਲੀਆਂ ਦਾ ਹੱਕ - ਸਾਂਝਾ ਅਧਿਆਪਕ ਫਰੰਟ

**ਕਪੂਰਥਲਾ, 31 ਮਈ (ਕੌੜਾ )-** ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਧਿਆਪਕਾਂ ਦੀਆਂ ਆਨਲਾਈਨ ਬਦਲੀਆਂ ਲਈ ਪੋਰਟਲ ਖੋਲਿਆ ਗਿਆ ਸੀ। ਅਧਿਆਪਕਾਂ ਨੂੰ 24 ਮਈ ਤੱਕ ਆਪਣਾ ਡਾਟਾ ਭਰਨ ਲਈ ਸਮਾਂ ਦਿੱਤਾ ਗਿਆ ਸੀ। ਪਰ ਬਹੁਤ ਸਾਰੇ ਅਧਿਆਪਕਾਂ ਦਾ ਡਾਟਾ ਦੋ ਸਾਲ ਦੀ ਸਟੇਅ ਪੂਰੀ ਨਾ ਹੋਣ ਕਾਰਨ ਰਿਜੈਕਟ ਕਰ ਦਿੱਤਾ ਗਿਆ।

ਟਰਾਂਸਫਰ ਪਾਲਸੀ ਅਨੁਸਾਰ ਬਦਲੀਆਂ ਲਈ ਦੋ ਸਾਲ ਦੀ ਠਹਿਰ ਜਰੂਰੀ ਹੈ। ਪਰ ਅਸਲ ਚ ਵਿਭਾਗ ਵੱਲੋਂ ਤਿੰਨ ਸਾਲ ਦੀ ਸ਼ਰਤ ਲਾਗੂ ਕੀਤੀ ਜਾ ਰਹੀ ਹੈ। ਜੇਕਰ ਦੋ ਸਾਲ ਦੀ ਸ਼ਰਤ ਲਾਗੂ ਕੀਤੀ ਜਾਂਦੀ ਤਾਂ ਸਾਲ 2024 ਚ ਬਦਲੀ ਕਰਾਉਣ ਵਾਲੇ ਅਧਿਆਪਕ ਇਸ ਸਾਲ ਬਦਲੀ ਲਈ ਯੋਗ ਮੰਨੇ ਜਾਣੇ ਚਾਹੀਦੇ ਸਨ।

ਜ਼ਿਕਰ ਯੋਗ ਹੈ ਕਿ ਸਾਲ 2024 ਦੀਆਂ ਬਦਲੀਆਂ ਦੇ ਆਰਡਰ ਮਈ ਦੀ ਥਾਂ ਅਗਸਤ 2024 'ਚ ਜਾਰੀ ਕੀਤੇ ਗਏ ਸਨ। ਇਸ ਕਾਰਨ ਮਈ 2026 ਤੱਕ ਕਿਸੇ ਵੀ ਅਧਿਆਪਕ ਦੇ ਦੋ ਸਾਲ ਪੂਰੇ ਨਹੀਂ ਬਣੇ ਅਤੇ ਵਿਭਾਗ ਵੱਲੋਂ ਉਹਨਾਂ ਦੀਆਂ ਅਰਜੀਆਂ ਸਟੇਅ ਪੂਰੀ ਨਾ ਹੋਣ ਦੇ ਅਧਾਰ ਤੇ ਰੱਦ ਕਰ ਦਿੱਤੀਆਂ ਗਈਆਂ।

ਸਾਂਝਾ ਅਧਿਆਪਕ ਫਰੰਟ ਦੇ ਸੂਬਾਈ ਆਗੂ ਜੀ ਟੀ ਯੂ ਰਸ਼ਪਾਲ ਸਿੰਘ ਵੜੈਚ, ਅਧਿਆਪਕ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ






, ਡੀ ਟੀ ਐੱਫ ਦੇ ਜਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਅੱਲੂਵਾਲ ,ਜੀ ਟੀ ਯੂ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਆਦਿ ਆਗੂਆਂ ਨੇ ਮੰਗ ਕੀਤੀ ਕਿ ਦੋ ਸਾਲ ਦੀ ਸ਼ਰਤ ਅਨੁਸਾਰ ਸਾਲ 2024 ਦੇ ਪਹਿਲੇ ਗੇਟ ਦੀਆਂ ਬਦਲੀਆਂ ਦੀ ਗਿਣਤੀ ਉਸ ਮਿਤੀ ਤੱਕ ਕੀਤੀ ਜਾਵੇ। ਜਦੋਂ ਆਰਡਰ ਜਾਰੀ ਹੋਏ ਸਨ ਨਾਲ ਹੀ ਬਦਲੀਆਂ ਲਈ ਪੋਰਟਲ ਦੁਆਰਾ ਖੋਲਿਆ ਜਾਵੇ ਤਾਂ ਜੋ ਅਗਸਤ 2026 ਤੱਕ ਦੋ ਸਾਲ ਪੂਰੇ ਕਰਨ ਵਾਲੇ ਅਧਿਆਪਕਾਂ ਨੂੰ ਵੀ ਬਦਲੀ ਦਾ ਮੌਕਾ ਮਿਲ ਸਕੇ। ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਵਿਭਾਗ ਵੱਲੋਂ 20 ਚ ਬਦਲੀਆਂ ਦੇ ਆਰਡਰ ਸਮੇਂ ਸਿਰ ਮਈ ਮਹੀਨੇ ਚ ਜਾਰੀ ਕੀਤੇ ਜਾਂਦੇ ਤਾਂ ਅਧਿਆਪਕ ਇਸ ਸਾਲ ਬਦਲੀ ਦੇ ਹੱਕਦਾਰ ਹੁੰਦੇ। ਇਸ ਲਈ ਸਟੇਅ ਦੀ ਗਿਣਤੀ ਅਗਸਤ 2026 ਤੱਕ ਮੰਨੀ ਜਾਣੀ ਚਾਹੀਦੀ।

ਆਗੂਆਂ ਨੇ ਕਿਹਾ ਕਿ 24 ਮਈ ਨੂੰ ਕਈ ਅਧਿਆਪਕਾਂ ਨੇ ਪੋਰਟਲ ਤੇ ਆਪਣਾ ਡਾਟਾ ਭਰਿਆ ਸੀ ਪਰ ਡੀ ਡੀ ਓ ਵੱਲੋਂ ਇਹ ਕਿਹਾ ਗਿਆ ਕਿ ਜਿਨਾਂ ਦੇ ਦੋ ਸਾਲ ਪੂਰੇ ਨਹੀਂ ਹੋਏ ਉਹਨਾਂ ਦਾ ਡਾਟਾ ਵਿਭਾਗ ਵੱਲੋਂ ਰਿਜੈਕਟ ਕਰ ਦਿੱਤਾ ਗਿਆ ਹੈ। ਦੂਜੇ ਪਾਸੇ ਅਧਿਆਪਕਾਂ ਦਾ ਕਥਿਤ ਦੋਸ਼ ਹੈ ਕਿ ਕੁਝ ਡੀ ਡੀ ਓ ਆਪਣੇ ਚਹੇਤੀਆਂ ਦਾ ਡਾਟਾ ਪੂਰੀ ਨਾ ਹੋਣ ਦੇ ਬਾਵਜੂਦ ਵੀ ਅਪਰੂਵ ਕਰ ਰਹੇ ਹਨ। ਜਦਕਿ ਆਮ ਅਧਿਆਪਕਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ

ਆਗੂਆਂ ਨੇ ਸਿੱਖਿਆ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈਗੇ ਬਿਨਾਂ ਸਟੇ ਪੂਰੀ ਹੋਏ ਡਾਟਾ ਅਪਰੂਵ ਕਰਨ ਵਾਲੇ ਡੀ ਡੀ ਓਜ ਦੀ ਜਾਂਚ ਕਰਵਾਈ ਜਾਵੇ ਤੇ ਪੰਜਾਬ ਦੇ ਸਮੂਹ ਅਧਿਆਪਕਾਂ ਨੂੰ ਆਮ ਬਦਲੀਆਂ ਦਾ ਬਰਾਬਰ ਦਾ ਹੱਕ ਦਿੱਤਾ ਜਾਵੇ, ਤੇ ਬਦਲੀਆਂ ਲਈ ਪੋਰਟਲ ਦੁਆਰਾ ਖੋਲ ਕੇ ਅਗਸਤ ਤੱਕ ਸਟੇ ਦੀ ਸ਼ਰਤ ਪੂਰੀ ਕਰਨ ਵਾਲੇ ਅਧਿਆਪਕਾਂ ਨੂੰ ਬਦਲੀ ਅਪਲਾਈ ਕਰਨ ਲਈ ਰਾਹਤ ਪ੍ਰਦਾਨ ਕੀਤੀ ਜਾਵੇ।

# ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਵਰਕਰਾਂ ਦੇ ਘਰ ਜਾ ਕੇ ਝੰਡੇ ਲਗਾਉਣ ਅਤੇ ਸਨਮਾਨਿਤ ਕਰਨ ਦੀ ਮੁਹਿੰਮ ਸ਼ੁਰੂ

**ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਦੀ ਪਹਿਚਾਣ ਕੰਮ ਸੇਵਾ ਅਤੇ 'ਨਿਸ਼ਾਨ ਪ੍ਰੋਗਰਾਮ ਨਿਰੰਤਰ ਜਾਰੀ ਰਹੇਗਾ : ਤਲਵਾੜ**

**ਹੁਸ਼ਿਆਰਪੁਰ 31 ਮਈ (ਤਰਸੇਮ ਦੀਵਾਨਾ ) -** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਵੱਲੋਂ ਅੱਜ ਪਾਰਟੀ ਵਰਕਰਾਂ ਵਿੱਚ ਇੱਕ ਨਵਾਂ ਉਤਸ਼ਾਹ ਅਤੇ ਨਵੀਂ ਰੂਹ ਫੂਕਣ ਲਈ ਇੱਕ ਵਿਸ਼ੇਸ਼ ਅਤੇ ਸ਼ਲਾਘਾਯੋਗ ਕਾਰਜ ਸ਼ੁਰੂ ਕੀਤਾ ਗਿਆ। ਸੰਜੀਵ ਤਲਵਾੜ ਦੀ ਅਗਵਾਈ ਵਿੱਚ ਇੱਕ ਵਿਸ਼ਾਲ ਕਾਫ਼ਲੇ ਦੇ ਰੂਪ ਵਿੱਚ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਵੱਖ-ਵੱਖ ਵਾਰਡਾਂ ਅਤੇ ਘਰਾਂ ਦਾ ਦੌਰਾ ਕੀਤਾ। ਇਸ ਦੌਰਾਨ ਜਿੱਥੇ ਵਰਕਰਾਂ ਦੇ ਘਰਾਂ ਦੇ ਉੱਪਰ ਪਾਰਟੀ ਦਾ ਨਿਸ਼ਾਨ (ਝੰਡਾ) ਲਗਾਇਆ ਗਿਆ, ਉੱਥੇ ਹੀ ਔਖੇ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਬੇਮਿਸਾਲ ਸੇਵਾਵਾਂ ਦੇਣ ਵਾਲੇ ਜੁਝਾਰੂ ਵਰਕਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਢੋਲ-ਧਮਾਕੇ ਦੇ ਨਾਲ ਜਦੋਂ ਇਹ ਕਾਫ਼ਲਾ ਵਰਕਰਾਂ ਦੇ ਘਰ ਪਹੁੰਚਿਆ ਤਾਂ ਉੱਥੇ ਉਤਸਵ ਵਰਗਾ ਮਾਹੌਲ ਬਣ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਜਤਿੰਦਰ ਸਿੰਘ ਲਾਲੀ ਬਾਜਵਾ



ਨੇ ਸੰਜੀਵ ਤਲਵਾੜ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਤਲਵਾੜ ਦਾ ਇਹ ਕਾਰਜ ਪਾਰਟੀ ਵਿੱਚ ਇੱਕ ਨਵਾਂ ਉਤਸਾਹ ਪੈਦਾ ਕਰੇਗਾ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਸਾਰੇ ਇੱਕਜੁੱਟ ਹੋ ਕੇ ਹੁਸ਼ਿਆਰਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਬੁਲੰਦ ਕਰਾਂਗੇ। ਵਰਕਰਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਕਿਹਾ ਕਿ "ਸ਼੍ਰੋਮਣੀ ਅਕਾਲੀ ਦਲ ਦਾ ਵਰਕਰ ਆਪਣੀ ਦਿਨ-ਰਾਤ ਦੀ ਸੇਵਾ ਸਦਕਾ ਲੋਕਾਂ ਦੇ ਮਨਾਂ ਵਿੱਚ ਰਾਜ ਕਰਦਾ ਹੈ। ਹੁਣ ਸੇਵਾ ਦੇ ਨਾਲ-ਨਾਲ ਵਰਕਰਾਂ ਦੇ ਘਰਾਂ 'ਤੇ ਪਾਰਟੀ ਦਾ ਨਿਸ਼ਾਨ (ਝੰਡਾ) ਵੀ ਲੱਗ ਗਿਆ ਹੈ, ਜਿਸ ਨਾਲ ਸਾਡੇ ਮਿਹਨਤੀ ਵਰਕਰਾਂ ਦੀ ਪਹਿਚਾਣ ਹੋਰ ਮਜ਼ਬੂਤ ਹੋਵੇਗੀ। ਅਕਾਲੀ ਦਲ ਦੇ ਵਰਕਰਾਂ ਦੀ ਪਹਿਚਾਣ ਕੰਮ ਸੇਵਾ ਅਤੇ ਇਹ 'ਨਿਸ਼ਾਨ ਪ੍ਰੋਗਰਾਮ' ਆਉਣ ਵਾਲੇ ਦਿਨਾਂ ਵਿੱਚ ਵੀ ਨਿਰੰਤਰ ਜਾਰੀ ਰਹੇਗਾ।"

ਇਸ ਮੁਹਿੰਮ ਦੌਰਾਨ ਪਾਰਟੀ ਦੇ ਵੱਖ-ਵੱਖ ਵਿੰਗਾਂ ਦੇ ਸੀਨੀਅਰ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਵਿੱਚ ਵਪਾਰ ਸੈੱਲ ਪੰਜਾਬ ਦੇ ਉਪ ਪ੍ਰਧਾਨ ਗੋਪੀ ਧਾਮੀ, ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਔਜਲਾ, ਆਰ.ਟੀ.ਆਈ. ਸੈੱਲ ਦੇ ਜ਼ਿਲ੍ਹਾ ਪ੍ਰਧਾਨ ਸੂਰਜ ਸਿੰਘ, ਐਸ.ਸੀ. ਸੈੱਲ ਦੇ ਸਿਟੀ ਪ੍ਰਧਾਨ ਸੰਜੀਵ ਥਾਪਰ, ਰਵਿੰਦਰ ਨਿੱਕਾ, ਜਸਵਿੰਦਰ ਜੁਗਨੂੰ, ਸੁਖਦੇਵ ਸਿੰਘ ਸਤੋਰ ਅਤੇ ਲੰਬੜਦਾਰ ਤੀਰਥ ਸਿੰਘ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਸਨ।

**ਫੋਟੋ ਅਜਮੇਰ ਦੀਵਾਨਾ**




In Loving Memory of

BHAGAT RAM SAMPLA

FUNERAL SERVICE

Will be held on
Monday, 01st June 2026

Service at 12:00pm

Guildford Crematorium
New Pond Road
Godalming, Surrey
GU7 3DB

LUNCH

1:15pm

Empire Banqueting Hall
High Street
Aldershot
GU11 1DJ

# ਮਹਿਤਪੁਰ ਨਗਰ ਪੰਚਾਇਤ ਤੇ ਕਾਂਗਰਸ ਦਾ ਕਬਜ਼ਾ

## ਕਾਂਗਰਸ- 7 ਆਪ- 2 ਅਕਾਲੀ ਦਲ- 2 ਤੇ ਆਜ਼ਾਦ- 2 ਸੀਟਾਂ ਤੇ ਜੇਤੂ ਰਹੇ














**ਵੱਖ-ਵੱਖ ਵਾਰਡਾਂ ਚੋਂ ਜੇਤੂ ਉਮੀਦਵਾਰ ਆਪਣੇ ਸਮਰਥਕਾਂ ਨਾਲ।**

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**
ਮਹਿਤਪੁਰ ਨਗਰ ਪੰਚਾਇਤ ਚੋਣਾਂ ਚੋ ਕਾਂਗਰਸ ਦਾ ਇੱਕ ਵਾਰ ਫਿਰ ਦੁਬਾਰਾ ਨਗਰ ਪੰਚਾਇਤ ਤੇ ਕਬਜ਼ਾ ਹੋ ਚੁੱਕਾ ਹੈ। ਜਿਸ ਵਿੱਚ ਕਾਂਗਰਸ ਨੇ ਸੱਤ ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ ਆਮ ਆਦਮੀ ਪਾਰਟੀ ਨੇ 2 ਸੀਟਾਂ ਤੇ ਅਕਾਲੀ ਦਲ ਬਾਦਲ ਨੇ 2 ਸੀਟਾਂ ਤੇ ਤੇ ਆਜ਼ਾਦ ਉਮੀਦਵਾਰਾਂ ਨੇ 2 ਸੀਟਾਂ ਤੇ ਜਿੱਤ ਪ੍ਰਾਪਤ ਕੀਤੀ ਹੈ। ਜਿਸ ਵਿੱਚ 1 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਕੁਲਵਿੰਦਰ ਕੌਰ ਪਤਨੀ ਠੇਕੇਦਾਰ ਪਰਸੋਤਮ ਲਾਲ 73 ਵੋਟਾਂ ਨਾਲ ਜੇਤੂ ਰਹੇ, 2 ਨੰਬਰ ਵਾਰਡ ਤੋਂ ਅਕਾਲੀ ਦਲ ਦੇ ਜਗਦੀਪ ਸਿੰਘ ਦੀਪਾ 11 ਵੋਟਾਂ ਨਾਲ ਜੇਤੂ ਰਹੇ। 3 ਨੰਬਰ ਵਾਰਡ ਚੋਂ ਆਜ਼ਾਦ ਉਮੀਦਵਾਰ ਰਾਜਵਿੰਦਰ ਕੌਰ ਪਤਨੀ ਚੰਦਨ 98 ਵੋਟਾਂ ਨਾਲ ਜੇਤੂ ਰਹੇ। 4 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਕਸ਼ਮੀਰੀ ਲਾਲ 96 ਵੋਟਾਂ ਨਾਲ ਜੇਤੂ ਰਹੇ। 5 ਨੰਬਰ ਵਾਰਡ ਕਾਂਗਰਸੀ ਉਮੀਦਵਾਰ ਪਰਵੀਨ ਮਹਿਤਾ ਪਤਨੀ ਰਕੇਸ਼ ਮਹਿਤਾ 16 ਵੋਟਾਂ ਨਾਲ ਜੇਤੂ ਰਹੇ। 6 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਤਰਜਿੰਦਰ ਸਿੰਘ ਜਿੰਦਰ 159 ਵੋਟਾਂ ਨਾਲ ਜੇਤੂ ਰਹੇ। 7 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਸਵਪਨਦੀਪ ਕੌਰ ਪਤਨੀ ਹਰਸਿਮਰਨਜੀਤ ਸਿੰਘ ਚਾਹਲ 202 ਵੋਟਾਂ ਨਾਲ ਜੇਤੂ ਰਹੇ। 8 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਮਹਿੰਦਰਪਾਲ ਸਿੰਘ ਟੂਰਨਾ 142 ਵੋਟਾਂ ਨਾਲ ਜੇਤੂ ਰਹੇ 9 ਨੰਬਰ ਵਾਰਡ ਚੋਂ ਆਮ ਆਦਮੀ ਪਾਰਟੀ ਉਮੀਦਵਾਰ ਗੁਰਵਿੰਦਰ ਕੌਰ ਪਤਨੀ ਨਿਰਮਲ ਸਿੰਘ 98 ਵੋਟਾਂ ਨਾਲ ਜੇਤੂ ਰਹੇ। 10 ਨੰਬਰ ਵਾਰਡ ਚੋਂ ਆਜ਼ਾਦ ਉਮੀਦਵਾਰ ਬਲਵਿੰਦਰ ਸਿੰਘ ਬਿੰਦਰ 31 ਵੋਟਾਂ ਨਾਲ ਜੇਤੂ ਰਹੇ।11 ਨੰਬਰ ਵਾਰਡ ਚੋਂ ਆਮ ਆਦਮੀ ਪਾਰਟੀ ਉਮੀਦਵਾਰ ਸੰਦੀਪ ਸਿੰਘ ਮਰੋਕ 132 ਵੋਟਾਂ ਨਾਲ ਜੇਤੂ ਰਹੇ। 12 ਨੰਬਰ ਵਾਰਡ ਚੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ 26 ਵੋਟਾਂ ਨਾਲ ਜੇਤੂ ਰਹੇ।13 ਨੰਬਰ ਵਾਰਡ ਚੋਂ ਅਕਾਲੀ ਦਲ ਉਮੀਦਵਾਰ ਜਰਨੈਲ ਸਿੰਘ ਜੈਲਦਾਰ 99 ਵੋਟਾਂ ਨਾਲ ਜੇਤੂ ਰਹੇ।

# ਅਠਾਈ ਮਈ ਨੂੰ ਵਾਪਸੀ ਤੇ

ਕੋਈ ਸਤੱਤਰ ਦਿਨ ਐਡਿਲੀਡ ਐਸ ਏ ਦੇ ਹੇਕ-ਟੋਰ ਵਿਲਾ ਚ ਗੁਜਾਰਨ ਤੋਂ ਬਾਅਦ ਸਾਡੀ ਅਠਾਈ ਮਈ ਨੂੰ ਵਾਪੀਸੀ ਸੀ। ਸਵੇਰੇ ਸਵੱਖਤੇ ਉਥੇ ਕੇ ਅਸੀਂ ਕੋਈ ਪੋਣੇ ਕੁ ਸੱਤ ਵਜੇ ਐਡਿਲੀਡ ਇੰਟਰ ਨੈਸ਼ਨਲ ਹਵਾਈ ਅੱਡੇ ਤੋਂ ਪਾਹੁੰਚ ਗਏ। ਬੇਟਾ ਦੇ ਨਾਲ ਬੇਟੀ ਤੇ ਪੋਤੀ (ਦੋਨੇ ਮਾਵਾਂ ਧੀਆਂ) ਵੀ ਵਿਦਾ ਕਰਨ ਆਏ। ਅੰਦਰੋਂ ਅੰਦਰੀ ਸਭ ਦੇ ਮਨ ਭਰੇ ਹੋਏ ਸਨ। ਆਪਣੇ ਖੂਨ ਤੋਂ ਵਿਦਾਈ ਲੈਣੀ ਤੇ ਮਾਪਿਆਂ ਨੂੰ ਵਿਦਾ ਕਰਨਾ ਕੋਈ ਸੁਖਾਲਾ ਨਹੀਂ ਹੁੰਦਾ। ਇਹਨਾਂ ਸੀਮਤ ਦਿਨਾਂ ਵਿੱਚ ਮੋਂਹ ਹੋਰ ਵੱਧ ਜਾਂਦਾ ਹੈ। ਖਾਸਕਰ ਬੱਚਿਆਂ ਦਾ ਆਪਣੇ ਦਾਦਾ ਦਾਦੀ ਨਾਲ ਤੇ ਬਜ਼ੁਰਗਾਂ ਦੀ ਤਾਂ ਇਹ ਬੱਚੇ ਰੂਹ ਦੀ ਖੁਰਾਕ ਹੁੰਦੇ ਹਨ। ਸਕੂਲ ਜਾਣ ਲਈ ਅੱਠ ਵਜੇ ਉੱਠਣ ਵਾਲੀ ਪੋਤੀ ਸੁਖਮਨੀ ਪੰਜ ਵਜੇ ਹੀ ਉੱਠ ਗਈ ਤੇ ਸਰਦੀ ਹੋਣ ਕਰਕੇ ਜੈਕਟ ਦੇ ਨਾਲ ਆਪਣੀ ਦਾਦੀ ਦੀ ਟੋਪੀ ਪਹਿਣ ਲਈ। ਜੋ ਉਸਨੇ ਪਹਿਲਾਂ ਹੀ ਮੰਗ ਲਈ ਸੀ।

"ਕੀ ਹੋਇਆ ਸੱਗੂ? ਕ਼ੀ ਹੋਇਆ?" ਦੀਵਾਨ ਤੇ ਬੈਠੀ ਪੋਤੀ ਨੂੰ ਅਚਾਨਕ ਉੱਚੀ ਉੱਚੀ ਰੋਂਦੀ ਨੂੰ ਵੇਖਕੇ ਸਾਰੇ ਹੈਰਾਨ ਹੋਕੇ ਉਸ ਨੂੰ ਪੁੱਛਣ ਲੱਗੇ। ਅਸਲ ਵਿੱਚ ਇਹ ਵੈਰਾਗ ਸੀ ਜਿਹੜਾ ਬੱਚੀ ਤੋਂ ਸੰਭਾਲਿਆ ਨਹੀਂ ਗਿਆ ਤੇ ਛਲਕ ਪਿਆ। ਅੰਦਰਲਾ ਦੁੱਖ ਫੁੱਟ ਪਿਆ। ਮਾਹੌਲ ਇੱਕ ਦਮ ਗਮਗੀਨ ਹੋ ਗਿਆ। ਕੋਲ਼ ਬੈਠੀ ਦਾਦੀ ਨੇ ਉਸਨੂੰ ਗੋਦੀ ਵਿੱਚ ਲੈਕੇ ਘੁੱਟ ਲਿਆ ਤੇ ਦਾਦੀ ਦਾ ਦੁੱਖ ਵੀ ਅੱਖਾਂ ਰਾਹੀਂ ਬਾਹਰ ਵਹਿ ਤੁਰਿਆ। ਦਾਦੀ ਪੋਤੀ ਦੀਆਂ ਬੁਸਬਸੀਆਂ ਨੇ ਮੈਨੂੰ ਵੀ ਕੁੜਤੇ ਦੀ ਕੱਫ ਨਾਲ ਅੱਖਾਂ ਪੂੰਝਣ ਲਈ ਮਜਬੂਰ ਕਰ ਦਿੱਤਾ। ਉਸਦੀ ਮੰਮੀ ਤੇ ਪਾਪਾ ਨੇ ਉਸਨੂੰ ਹੱਸਕੇ ਹੌਸਲਾ ਦਿੱਤਾ। ਉਸ ਨੂੰ ਪੁਚਕਾਰਿਆ। ਸੁਖਮਨੀ ਦੇ ਮਨ ਵਿੱਚ ਇਹ ਵੀ ਸਵਾਲ ਸੀ। ਕਿ ਦੂਜੇ ਬੱਚਿਆਂ ਦੇ ਦਾਦੂ ਲੰਮੇ ਸਮੇ ਲਈ



ਆਉਂਦੇ ਹਨ ਪ੍ਰੰਤੂ ਇਹਨਾਂ ਨੂੰ ਥੋੜ੍ਹੇ ਸਮੇਂ ਦਾ ਵੀਜ਼ਾ ਹੀ ਕਿਉਂ ਮਿਲਿਆ? ਬੱਚੇ ਬੋਲਦੇ ਨਹੀਂ ਪ੍ਰੰਤੂ ਮਹਿਸੂਸ ਜਿਆਦਾ ਕਰਦੇ ਹਨ। ਏਅਰਪੋਰਟ ਤੇ ਵੀਲ੍ਹ ਚੇਅਰ ਦੀ ਸਾਹੂਲੀਅਤ ਹੋਣ ਕਰਕੇ ਚੈੱਕ ਇੰਨ, ਇਮੀਗ੍ਰੇਸ਼ਨ, ਸਕਿਉਰਿਟੀ ਚੈੱਕ, ਬੋਰਡਿੰਗ ਪਹਿਲ ਦੇ ਆਧਾਰ ਤੇ ਹੋ ਜਾਂਦੀ ਹੈ। ਉਹਨਾਂ ਦੇ ਕਰਮਚਾਰੀ ਹੱਸਦੇ ਹੱਸਦੇ ਤੁਹਾਨੂੰ ਸਮਝਾਉਂਦੇ ਹੋਏ ਸਾਰੇ ਕੰਮ ਨਿਬੇੜਦੇ ਹਨ। ਸਕਿਉਰਿਟੀ ਚੈੱਕ ਲਈ ਸਕੈਨਿੰਗ ਅਤੇ ਵੱਡੀਆਂ ਹੋਰ ਮਸ਼ੀਨਾਂ ਬਹੁਤ ਆਧੁਨਿਕ ਹੁੰਦੀਆਂ ਹਨ। ਇਥੋਂ ਤੱਕ ਕੇ ਸੂਟ ਕੇਸ ਵਿੱਚ ਪਏ ਤਰਲ ਜ਼ੈਲ ਕਰੀਮ ਦਾ ਵਜ਼ਨ ਵੀ ਪਤਾ ਲੱਗ ਜਾਂਦਾ ਹੈ। ਕਿਉਂਕਿ ਹੈਂਡ ਬੈਗ ਵਿੱਚ ਤੁਸੀਂ ਇੱਕ ਸੌ ਐਮ ਐਲ ਤੋਂ ਵੱਧ ਤਰਲ ਨਹੀਂ ਲੈਜਾ ਸਕਦੇ। ਉਥੇ ਘੜੀ, ਬੈਲਟ, ਮੋਬਾਇਲ, ਪਰਸ ਚਸ਼ਮਾ ਵੀ ਉਤਾਰਨਾ ਪੈਂਦਾ ਹੈ। ਹਾਂ ਇੱਕ ਗੱਲ ਜਰੂਰ ਉਥੇ ਆਪਣੇ ਵਰਗੀ ਧੱਕਾ ਮੁੱਕੀ ਨਹੀਂ ਹੁੰਦੀ। ਸਭ ਸਬਰ ਨਾਲ ਆਪਣੀ ਵਾਰੀ ਦਾ ਇੰਤਜ਼ਾਰ ਕਰਦੇ ਹਨ। ਹੇਠਲੀਆਂ ਕੁਝ ਕੁ ਤਸਵੀਰਾਂ ਮੂੰਹੋ ਬੋਲਦੀਆਂ ਹਨ।



**ਰਮੇਸ ਸੇਠੀ ਬਾਦਲ**
**987667233**

# (ਮੇਰੀ ਭਵਿੱਖਬਾਣੀ ਬੀਜੇਪੀ ਪੰਜਾਬ ਦੀ ਰਾਣੀ)

ਭਵਿੱਖਬਾਣੀਆਂ ਕਦੇ ਸੱਚੀਆਂ ਨ੍ਹੀਂ ਹੁੰਦੀਆਂ, ਫਿਰ ਵੀ ਪਿੰਡੇ ਤੇ ਵੱਢੀਂਦੀਆਂ ਚੂੰਢੀਆਂ। ਕੁਝ ਨਾ ਕੁਝ ਤਾਂ ਦੱਸੀਏ ਭਵਿੱਖ ਪੰਜਾਬ ਦਾ। ਕਾਕਰੋਚ ਜਨਤਾ ਪਾਰਟੀ ਦਾ ਭਵਿੱਖ ਠਾਠਾਂ ਮਾਰਦਾ।ਕਦੇ ਕਦੇ ਅਸੀਂ ਟਰੰਪ ਦੀ, ਭਵਿੱਖਬਾਣੀ ਕਰਦੇ, ਇਸਦੇ ਰਾਸ਼ੀਫਲ ਭੂਰੇ ਝੋਟੇ ਨਾਲ ਰਲਦੇ।ਹੁਣ ਦੱਸੀਏ ਭਵਿੱਖਬਾਣੀ ,ਭਗਵੰਤ ਮਾਨ ਦੀ,ਨਗਰ ਨਿਗਮ ਚੋਣਾਂ ਚ ਹੂੰਝਾ ਫੇਰਤਾ। ਸਤਾਈ ਦੀਆਂ ਚੋਣਾਂ ਵਿੱਚ ਤਾਂ ਜਾਪੇ,ਪੇਂਡੂ ਖੇਤਰ ਪੱਟੀ ਪੋਚ ਦਿਊ, ਮੋਦੀਲਾਣਾ ਰਹੂ ਦੇਖਦਾ।

ਟਰੰਪ ਨੂੰ ਆਪਣੇ ਭਵਿੱਖ ਦਾ ਤਾਂ ਫਿਕਰ ਹੈ, ਕਿਧਰੇ ਮਰ ਨਾ ਜਾਵਾਂ। ਮੈਡੀਕਲ ਚੈਕ-ਅੱਪ ਕਰਾਉਂਦਾ ਫਿਰੇ, ਭਿਣਕ ਪੈਣ ਨਾ ਦਿੰਦਾ। ਮੱਧ ਪੂਰਬ ਦੇ ਕਰੋੜਾਂ ਲੋਕਾਂ ਦਾ ਭਵਿੱਖ ਦਾਅ ਤੇ ਲਾਉਂਦਾ।ਉਨ੍ਹਾਂ ਨੂੰ ਬੰਬਾਰੀ ਨਾਲ ਮਾਰ ਮੁਕਾਵੇ ਅੰਨ੍ਹੇ ਝੋਟੇ ਵਾਂਗੂੰ ਮਾਰ ਮਾਰ ਟੱਕਰਾਂ, ਸਭ ਨੂੰ ਡਰਾਵੇ। ਰਾਸ਼ਟਰਪਤੀ ਹੁੰਦੇ ਹੋਏ ਵੀ, ਵਪਾਰ ਦਾ ਭਵਿੱਖ ਸਤਾਉਂਦਾ।ਸਾਰੀ ਦੁਨੀਆਂ ਨੂੰ ਲੁੱਟਾਂ,



ਪੰਡਾਂ ਬੰਨ੍ਹ ਕੇ ਸੁਰਗਾਂ ਨੂੰ ਲੈ ਜਾਵਾਂ। ਯਮਰਾਜ ਨੇ ਪੁੱਠਾ ਲਟਕਾ ਦੇਣਾ, ਲੁੱਟ ਦਾ ਮਾਲ, ਧਰਤੀ ਤੇ ਵਾਪਸ ਪਹੁੰਚ ਜਾਣਾ।

ਅਸੀਂ ਭਵਿੱਖ ਦੀਆਂ ਬਹੁਤ,ਆਸ਼ਾਵਾਂ ਲੈਕੇ ,ਦੂਸਰਿਆਂ ਦੀ ਭਵਿੱਖਬਾਣੀ, ਵਿਚ ਉਲਝ ਗਏ। ਉਹ ਜ਼ਮਾਨੇ ਗਏ, ਰਾਸ਼ੀਫਲ ਦੱਸਣ ਵਾਲਿਆਂ ਦੀ ਗੁੱਡੀ ਸੀ ਚੜ੍ਹਦੀ, ਸ਼ੁਕਰ ਕਰੀਏ ਤਰਕਸ਼ੀਲਾਂ ਦੇ ਧੱਕੇ ਨਹੀਂ ਚੜ੍ਹਗੇ। ਕਈ ਮਾਹਿਰ ਸਮਝਕੇ,ਅਜੇ ਵੀ "ਪੁਛਿਆ" ਲੈਣ ਆਉਂਦੇ। ਕਿਤੇ ਕੋਈ ਸੀਆਈਡੀ ਨਾ ਕਰ ਦੇਵੇ, ਦੂਰੋਂ ਹੀ ਮਨਾਂ ਕਰਕੇ, ਉਨ੍ਹਾਂ ਨੂੰ ਵਾਪਿਸ ਲੌਟਾਉਂਦੇ।ਭਲਾ ਹੋਇਆ ਮੇਰਾ ਸੁਪਨਾ ਟੁੱਟਿਆ, ਜ਼ਿੰਦ ਅਜਾਬੋ ਛੁੱਟੀ।, ਭਵਿੱਖਬਾਣੀ ਦੀ ਗਿੰਦੜਸਿੰਗੀ ਵੀ ਹੱਥੋਂ ਡਿਗਕੇ ਟੁਟੀ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ।**
**ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ :**
**9878469639**

# ਪੀੜਤਾਂ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ, ਪਰ ਪੂਰੇ ਭਾਈਚਾਰੇ ਨਾਲ ਨਾਇਨਸਾਫ਼ੀ ਨਹੀਂ ਹੋਣੀ ਚਾਹੀਦੀ

## ਸਾਊਥੈਂਪਟਨ ਦੀ ਦੁਖਦਾਈ ਘਟਨਾ ਤੋਂ ਬਾਅਦ ਸ੍ਰੀ ਸਾਹਿਬ (ਕਿਰਪਾਨ) ’ਤੇ ਪਾਬੰਦੀ ਦੀ ਮੰਗ ਸਬੰਧੀ ਕਮਿਊਨਿਟੀ ਆਗੂ ਦਾ ਬਿਆਨ

**ਸਮਾਜ ਵੀਕਲੀ ਯੂ ਕੇ**

ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਦੇ ਜਨਰਲ ਸਕੱਤਰ ਅਤੇ ਕਮਿਊਨਿਟੀ ਆਗੂ ਸੀਤਲ ਸਿੰਘ ਗਿੱਲ ਨੇ ਰੀਫਾਰਮ ਯੂਕੇ ਦੇ ਕੁਝ ਆਗੂਆਂ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਸ੍ਰੀ ਸਾਹਿਬ (ਕਿਰਪਾਨ) ਧਾਰਨ ਕਰਨ ਲਈ ਮਿਲੀ ਕਾਨੂੰਨੀ ਛੋਟ ਖਤਮ ਕਰਨ ਦੀ ਮੰਗ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਇਸ ਮਾਮਲੇ ’ਤੇ ਤੱਥਾਂ ਅਤੇ ਸਬੂਤਾਂ ਦੇ ਆਧਾਰ ’ਤੇ ਗੱਲ ਹੋਣੀ ਚਾਹੀਦੀ ਹੈ।

ਸਾਊਥੈਂਪਟਨ ਵਿੱਚ 18 ਸਾਲਾ ਹੈਨਰੀ ਨੋਵਾਕ ਦੀ ਦੁਖਦਾਈ ਮੌਤ ਤੋਂ ਬਾਅਦ ਚੱਲ ਰਹੀ ਚਰਚਾ ਬਾਰੇ ਸ੍ਰੀ ਗਿੱਲ ਨੇ ਕਿਹਾ ਕਿ ਸਭ ਤੋਂ ਪਹਿਲਾਂ ਸਾਡੀਆਂ ਸੰਵੇਦਨਾਵਾਂ ਹੈਨਰੀ ਦੇ ਪਰਿਵਾਰ, ਦੋਸਤਾਂ ਅਤੇ ਪਿਆਰਿਆਂ ਨਾਲ ਹਨ।

ਸ੍ਰੀ ਗਿੱਲ ਨੇ ਕਿਹਾ:

“ਹੈਨਰੀ ਨੋਵਾਕ ਦੀ ਮੌਤ ਬਹੁਤ ਹੀ ਦੁਖਦਾਈ ਘਟਨਾ ਹੈ। ਅਸੀਂ ਉਸਦੇ ਪਰਿਵਾਰ ਅਤੇ ਪਿਆਰਿਆਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਜਿਸ ਕਿਸੇ ਨੇ ਵੀ ਅਪਰਾਧ ਕੀਤਾ ਹੈ, ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ।

ਪਰ ਇੱਕ ਵਿਅਕਤੀ ਦੀ ਕਥਿਤ ਕਾਰਵਾਈ ਦੇ ਆਧਾਰ ’ਤੇ ਲੱਖਾਂ ਕਾਨੂੰਨ ਦੀ ਪਾਲਣਾ ਕਰਨ ਵਾਲੇ ਸਿੱਖਾਂ ਦੇ ਹੱਕਾਂ ਅਤੇ ਧਾਰਮਿਕ ਆਜ਼ਾਦੀ ’ਤੇ ਸਵਾਲ ਖੜ੍ਹੇ ਕਰਨਾ ਨਾ ਇਨਸਾਫ਼ੀ ਹੈ ਅਤੇ ਨਾ ਹੀ ਵਾਜਬ ਹੈ। ਸਿੱਖ ਭਾਈਚਾਰਾ ਜਨਤਕ ਸੁਰੱਖਿਆ ਦਾ ਪੂਰਾ ਸਮਰਥਨ ਕਰਦਾ ਹੈ ਅਤੇ ਹਿੰਸਕ ਅਪਰਾਧਾਂ ਦੇ ਖ਼ਿਲਾਫ਼ ਹੈ। ਜਨਤਕ ਸੁਰੱਖਿਆ ਅਤੇ ਧਾਰਮਿਕ ਆਜ਼ਾਦੀ ਦੋਵੇਂ ਇਕੱਠੇ ਚੱਲ ਸਕਦੇ ਹਨ ਅਤੇ ਚੱਲਣੇ ਚਾਹੀਦੇ ਹਨ।

ਸ੍ਰੀ ਸਾਹਿਬ (ਕਿਰਪਾਨ) ਸਿੱਖ ਧਰਮ ਦੇ ਪੰਜ ਕਕਾਰਾਂ ਵਿੱਚੋਂ ਇੱਕ ਹੈ। ਇਹ ਨਿਆਂ, ਜ਼ਿੰਮੇਵਾਰੀ, ਸਵੈ-ਅਨੁਸ਼ਾਸਨ ਅਤੇ ਕਮਜ਼ੋਰਾਂ ਦੀ ਰੱਖਿਆ ਕਰਨ ਦੇ ਫਰਜ਼ ਦਾ ਪ੍ਰਤੀਕ ਹੈ। ਇਹ ਕੋਈ ਹਮਲਾਵਰ ਹਥਿਆਰ ਨਹੀਂ। ਸਿੱਖ ਕਈ ਪੀੜ੍ਹੀਆਂ ਤੋਂ ਬ੍ਰਿਟੇਨ ਵਿੱਚ ਇਸ ਨੂੰ ਜ਼ਿੰਮੇਵਾਰੀ ਨਾਲ ਧਾਰਨ ਕਰਦੇ ਆ ਰਹੇ ਹਨ ਅਤੇ ਸਮਾਜ ਦੇ ਹਰ ਖੇਤਰ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ।



Sital Singh Gill, General Secretary of the Indian Workers Association (Great Britain)

ਸ੍ਰੀ ਸਾਹਿਬ (ਕਿਰਪਾਨ) ਨੂੰ ਮਿਲੀ ਕਾਨੂੰਨੀ ਮਾਨਤਾ ਕੋਈ ਖਾਸ ਸਹੂਲਤ ਨਹੀਂ ਹੈ। ਇਹ ਧਾਰਮਿਕ ਆਜ਼ਾਦੀ, ਸਹਿਣਸ਼ੀਲਤਾ ਅਤੇ ਬਰਾਬਰੀ ਪ੍ਰਤੀ ਬ੍ਰਿਟੇਨ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਜੇ ਕੋਈ ਵਿਅਕਤੀ ਸ੍ਰੀ ਸਾਹਿਬ (ਕਿਰਪਾਨ) ਜਾਂ ਕਿਸੇ ਹੋਰ ਚੀਜ਼ ਦਾ ਗਲਤ ਇਸਤੇਮਾਲ ਕਰਕੇ ਅਪਰਾਧ ਕਰਦਾ ਹੈ ਤਾਂ ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲਣੀ ਚਾਹੀਦੀ ਹੈ।

ਇਹ ਗੱਲ ਵੀ ਮਹੱਤਵਪੂਰਨ ਹੈ ਕਿ ਅਦਾਲਤੀ ਕਾਰਵਾਈ ਬਾਰੇ ਆਈਆਂ ਖ਼ਬਰਾਂ ਅਨੁਸਾਰ ਸਰਕਾਰੀ ਪੱਖ ਦਾ ਦਾਅਵਾ ਸੀ ਕਿ ਘਟਨਾ ਵਿੱਚ ਧਾਰਮਿਕ ਸ੍ਰੀ ਸਾਹਿਬ ਨਹੀਂ, ਸਗੋਂ ਇੱਕ ਵੱਡਾ ਬਲੇਡ ਵਰਤਿਆ ਗਿਆ ਸੀ। ਇਸ ਲਈ ਜਨਤਕ ਚਰਚਾ ਤੱਥਾਂ ਅਤੇ ਸਬੂਤਾਂ ਦੇ ਆਧਾਰ ’ਤੇ ਹੋਣੀ ਚਾਹੀਦੀ ਹੈ।

ਚਾਕੂ ਨਾਲ ਜੁੜੇ ਅਪਰਾਧ ਬ੍ਰਿਟੇਨ ਲਈ ਇੱਕ ਗੰਭੀਰ ਸਮੱਸਿਆ ਹਨ, ਪਰ ਅਜਿਹੇ ਜ਼ਿਆਦਾਤਰ ਅਪਰਾਧਾਂ ਦਾ ਸਿੱਖਾਂ ਜਾਂ ਸ੍ਰੀ ਸਾਹਿਬ (ਕਿਰਪਾਨ) ਨਾਲ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਸਰਕਾਰੀ ਨੀਤੀਆਂ ਤੱਥਾਂ ਅਤੇ ਸਬੂਤਾਂ ਦੇ ਆਧਾਰ ’ਤੇ ਬਣਨੀਆਂ ਚਾਹੀਦੀਆਂ ਹਨ, ਨਾ ਕਿ ਡਰ, ਗਲਤਫਹਿਮੀਆਂ ਜਾਂ ਸਿਆਸੀ ਲਾਭ ਲਈ।

ਸਿੱਖ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੂੰ ਚਿੰਤਾ ਹੈ ਕਿ ਇਸ ਤਰ੍ਹਾਂ ਦੀ ਚਰਚਾ ਸਿੱਖਾਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਖ਼ਿਲਾਫ਼ ਪੱਖਪਾਤ ਨੂੰ ਵਧਾ ਸਕਦੀ ਹੈ। ਅੱਜ ਜਦੋਂ ਬ੍ਰਿਟੇਨ ਵਧਦੇ ਅਪਰਾਧਾਂ, ਐਨਐਚਐਸ ’ਤੇ ਦਬਾਅ, ਮਹਿੰਗਾਈ, ਘਰਾਂ ਦੀ ਘਾਟ ਅਤੇ ਆਰਥਿਕ ਮੁਸ਼ਕਲਾਂ ਵਰਗੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ, ਤਾਂ ਸਿਆਸੀ ਆਗੂਆਂ ਨੂੰ ਇਨ੍ਹਾਂ ਅਸਲ ਮੁੱਦਿਆਂ ਦੇ ਹੱਲ ’ਤੇ ਧਿਆਨ ਦੇਣਾ ਚਾਹੀਦਾ ਹੈ।

ਇਹ ਮਾਮਲਾ ਸਿਰਫ਼ ਸ੍ਰੀ ਸਾਹਿਬ (ਕਿਰਪਾਨ) ਜਾਂ ਇੱਕ ਕਾਨੂੰਨੀ ਛੋਟ ਦਾ ਨਹੀਂ ਹੈ। ਇਹ ਧਾਰਮਿਕ ਆਜ਼ਾਦੀ, ਕਾਨੂੰਨ ਅੱਗੇ ਬਰਾਬਰੀ, ਘੱਟ ਗਿਣਤੀਆਂ ਦੇ ਹੱਕਾਂ ਅਤੇ ਬ੍ਰਿਟੇਨ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ। ਅਸੀਂ ਇੱਕ ਵਿਅਕਤੀ ਦੀ ਗਲਤੀ ਨੂੰ ਪੂਰੇ ਸਿੱਖ ਭਾਈਚਾਰੇ ਦੇ ਹੱਕਾਂ ਨੂੰ ਸੀਮਤ ਕਰਨ ਦਾ ਆਧਾਰ ਨਹੀਂ ਬਣਨ ਦੇ ਸਕਦੇ। ਪੀੜਤਾਂ ਨੂੰ ਇਨਸਾਫ਼ ਜ਼ਰੂਰ ਮਿਲਣਾ ਚਾਹੀਦਾ ਹੈ, ਪਰ ਉਸ ਦੇ ਨਾਂ ’ਤੇ ਕਿਸੇ ਪੂਰੇ ਭਾਈਚਾਰੇ ਨਾਲ ਨਾਇਨਸਾਫ਼ੀ ਨਹੀਂ ਹੋਣੀ ਚਾਹੀਦੀ।”

# ਚਮਕਦਾਰ ਪੋਸਟਰਾਂ ਹੇਠ ਦੱਬੀਆਂ ਜਨਤਾ ਦੀਆਂ ਅਸਲ ਸਮੱਸਿਆਵਾਂ

## ( ਕਾਗਜ਼ੀ ਦਾਅਵਿਆਂ ਅਤੇ ਜ਼ਮੀਨੀ ਹਕੀਕਤ ਦਾ ਇਹ ਵੱਡਾ ਪਾੜਾ ਲੋਕਤੰਤਰ ਲਈ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ )

ਸਰਕਾਰਾਂ ਵੱਲੋਂ ਲੋਕ-ਭਲਾਈ ਦੇ ਕੰਮਾਂ ਨਾਲੋਂ ਵੱਧ ਉਨ੍ਹਾਂ ਦੇ ਪ੍ਰਚਾਰ ਅਤੇ ਮਸ਼ਹੂਰੀ ਉੱਤੇ ਜ਼ੋਰ ਦੇਣਾ ਅੱਜ ਦੇ ਦੌਰ ਦੀ ਸਭ ਤੋਂ ਵੱਡੀ ਸਿਆਸੀ ਹਕੀਕਤ ਬਣ ਚੁੱਕਾ ਹੈ। ਮੌਜੂਦਾ ਸਮੇਂ ਵਿੱਚ ਰਾਜਨੀਤੀ ਦਾ ਸਰੂਪ ਇੰਨਾ ਬਦਲ ਚੁੱਕਾ ਹੈ ਕਿ ਹੁਣ ਅਸਲ ਕਾਰਗੁਜ਼ਾਰੀ ਦਿਖਾਉਣ ਨਾਲੋਂ ਜ਼ਿਆਦਾ ਜ਼ੋਰ ਇਸ ਗੱਲ 'ਤੇ ਦਿੱਤਾ ਜਾਂਦਾ ਹੈ ਕਿ ਉਸ ਕੰਮ ਦਾ ਢੰਡੋਰਾ ਕਿੰਨੇ ਵੱਡੇ ਪੱਧਰ 'ਤੇ ਪਿੱਟਿਆ ਜਾ ਰਿਹਾ ਹੈ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਵੀ ਕੋਈ ਨਵੀਂ ਸਰਕਾਰ ਸੱਤਾ ਵਿੱਚ ਆਉਂਦੀ ਹੈ ਜਾਂ ਕੋਈ ਪੁਰਾਣੀ ਸਰਕਾਰ ਆਪਣੀਆਂ ਵੋਟਾਂ ਪੱਕੀਆਂ ਕਰਨਾ ਚਾਹੁੰਦੀ ਹੈ ਤਾਂ ਉਹ ਕੰਮ ਕਰਨ ਦੀ ਬਜਾਏ ਇਸ਼ਤਿਹਾਰਬਾਜ਼ੀ ਦਾ ਸਹਾਰਾ ਲੈਂਦੀ ਹੈ। ਜਨਤਾ ਦੇ ਖੂਨ-ਪਸੀਨੇ ਦੀ ਕਮਾਈ ਵਿੱਚੋਂ ਇਕੱਠੇ ਕੀਤੇ ਟੈਕਸ ਦੇ ਪੈਸੇ ਨੂੰ ਬੇਰਹਿਮੀ ਨਾਲ ਅਖ਼ਬਾਰਾਂ ਦੇ ਪੂਰੇ-ਪੂਰੇ ਪੰਨਿਆਂ, ਟੀਵੀ ਚੈਨਲਾਂ ਦੇ ਪ੍ਰਾਈਮ ਟਾਈਮ ਅਤੇ ਸੋਸ਼ਲ ਮੀਡੀਆ ਦੇ ਵੱਖ-ਵੱਖ ਪਲੇਟਫਾਰਮਾਂ ਉੱਤੇ ਸਰਕਾਰੀ ਪ੍ਰਾਪਤੀਆਂ ਗਿਣਾਉਣ ਲਈ ਪਾਣੀ ਵਾਂਗ ਵਹਾ ਦਿੱਤਾ ਜਾਂਦਾ ਹੈ। ਇਹ ਸਿਲਸਿਲਾ ਸਿਰਫ਼ ਮੀਡੀਆ ਤੱਕ ਹੀ ਸੀਮਤ ਨਹੀਂ ਰਹਿੰਦਾ, ਸਗੋਂ ਸ਼ਹਿਰਾਂ ਅਤੇ ਪਿੰਡਾਂ ਦੀਆਂ ਸੜਕਾਂ 'ਤੇ ਵੀ ਇਸ ਦਾ ਪੂਰਾ ਅਸਰ ਦੇਖਣ ਨੂੰ ਮਿਲਦਾ ਹੈ।

ਕਈ ਵਾਰ ਤਾਂ ਹਾਲਾਤ ਇੱਥੋਂ ਤੱਕ ਨਿਘਰ ਜਾਂਦੇ ਹਨ ਕਿ ਸਰਕਾਰਾਂ ਵੱਲੋਂ ਸ਼ੁਰੂ ਕੀਤੀ ਗਈ ਕਿਸੇ ਯੋਜਨਾ ਜਾਂ ਬਣਾਏ ਗਏ ਕਿਸੇ ਛੋਟੇ ਪ੍ਰੋਜੈਕਟ ਦਾ ਅਸਲ ਬਜਟ ਉੱਨਾ ਨਹੀਂ ਹੁੰਦਾ, ਜਿੰਨਾ ਪੈਸਾ ਉਸ ਦੀ ਮਸ਼ਹੂਰੀ ਅਤੇ ਉਦਘਾਟਨੀ ਸਮਾਗਮਾਂ 'ਤੇ ਖਰਚ ਕਰ ਦਿੱਤਾ ਜਾਂਦਾ ਹੈ। ਉਦਾਹਰਨ ਵਜੋਂ ਜੇਕਰ ਕਿਸੇ ਪੇਂਡੂ ਖੇਤਰ ਦੇ ਸਕੂਲ ਜਾਂ ਡਿਸਪੈਂਸਰੀ ਦੀ ਮੁਰੰਮਤ ਲਈ ਕੁਝ ਲੱਖ ਰੁਪਏ ਮਨਜ਼ੂਰ ਕੀਤੇ ਜਾਂਦੇ ਹਨ ਤਾਂ ਉਸ ਦੇ ਪ੍ਰਚਾਰ ਲਈ ਲਗਾਏ ਗਏ ਵੱਡੇ-ਵੱਡੇ ਹੋਰਡਿੰਗਾਂ, ਫਲੈਕਸ ਬੋਰਡਾਂ ਅਤੇ ਨੇਤਾਵਾਂ ਦੇ ਦੌਰਿਆਂ ਉੱਤੇ ਉਸ ਨਾਲੋਂ ਦੁੱਗਣਾ ਖਰਚਾ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦੀ ਫੋਕੀ ਸ਼ੋਹਰਤ ਜਨਤਕ ਸਰਮਾਏ ਦੀ ਸਿੱਧੀ ਬਰਬਾਦੀ ਹੈ। ਇਹ ਪ੍ਰਵਿਰਤੀ ਇਸ ਗੱਲ ਦਾ ਪ੍ਰਮਾਣ ਹੈ ਕਿ ਸਿਆਸੀ ਪਾਰਟੀਆਂ ਲਈ ਜਨਤਾ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਨਾਲੋਂ ਆਪਣਾ ਵੋਟ ਬੈਂਕ ਬਚਾਉਣਾ ਅਤੇ ਆਪਣੀ ਚਮਕਦ-ਾਰ ਤਸਵੀਰ ਪੇਸ਼ ਕਰਨਾ ਜ਼ਿਆਦਾ ਅਹਿਮ ਹੋ ਗਿਆ ਹੈ।

ਸਰਕਾਰਾਂ ਕਿਸੇ ਸਕੀਮ ਦਾ ਮਾਤਰ ਐਲਾਨ ਕਰਕੇ ਹੀ ਸੰਤੁਸ਼ਟ ਹੋ ਜਾਂਦੀਆਂ ਹਨ ਅਤੇ ਉਸ ਤੋਂ ਤੁਰੰਤ ਬਾਅਦ ਪੋਸਟਰ ਕਲਚਰ ਸ਼ੁਰੂ ਹੋ ਜਾਂਦਾ ਹੈ। ਅਜੇ ਯੋਜਨਾ ਦੇ ਨਿਯਮ ਅਤੇ ਸ਼ਰਤਾਂ ਤੈਅ ਵੀ ਨਹੀਂ ਹੋਈਆਂ ਹੁੰਦੀਆਂ ਅਤੇ ਨਾ ਹੀ ਜ਼ਮੀਨੀ ਪੱਧਰ 'ਤੇ ਉਸ ਦਾ ਕੋਈ ਲਾਭਪਾਤਰੀ ਸਾਹਮਣੇ ਆਇਆ ਹੁੰਦਾ ਹੈ, ਪਰ ਸ਼ਹਿਰਾਂ ਦੇ ਮੁੱਖ ਚੌਕ, ਬਿਜਲੀ ਦੇ ਖੰਭੇ, ਸਰਕਾਰੀ ਇਮਾਰਤਾਂ ਦੀਆਂ ਕੰਧਾਂ ਅਤੇ ਗਲੀਆਂ-ਮੁਹੱਲੇ ਮੁੱਖ ਮੰਤਰੀਆਂ ਜਾਂ ਮੰਤਰੀਆਂ ਦੀਆਂ ਵੱਡੀਆਂ-ਵੱਡੀਆਂ ਫੋਟੋਆਂ ਵਾਲੇ ਪੋਸਟਰਾਂ ਨਾਲ ਭਰ ਦਿੱਤੇ ਜਾਂਦੇ ਹਨ। ਕਈ ਵਾਰ ਤਾਂ ਇਹ ਪੋਸਟਰ ਇੰਨੀ ਬੇਤਰਤੀਬੇ ਢੰਗ ਨਾਲ ਲਗਾਏ ਜਾਂਦੇ ਹਨ ਕਿ ਉਹ ਸ਼ਹਿਰਾਂ ਦੀ ਸੁੰਦਰਤਾ ਨੂੰ ਗ੍ਰਹਿਣ ਲਗਾ ਦਿੰਦੇ ਹਨ ਅਤੇ ਸੜਕਾਂ ਦੇ ਮੋੜਾਂ 'ਤੇ ਲੱਗੇ ਹੋਣ ਕਾਰਨ ਵਾਹਨ ਚਾਲਕਾਂ ਦਾ ਧਿਆਨ ਭਟਕਾਉਂਦੇ ਹਨ ਜੋ ਕਿ ਭਿਆਨਕ ਸੜਕ ਹਾਦਸਿਆਂ ਦਾ ਸਬੱਬ ਵੀ ਬਣਦੇ ਹਨ। ਕੰਧਾਂ ਅਤੇ ਖੰਭਿਆਂ ਨੂੰ ਇਸ਼ਤਿਹਾਰਾਂ ਨਾਲ ਲੱਦ ਦੇਣ ਦੀ ਇਹ ਦੌੜ ਸਿਰਫ਼ ਇਹ ਦਿਖਾਉਣ ਲਈ ਹੁੰਦੀ ਹੈ ਕਿ ਸਰਕਾਰ ਬਹੁਤ ਸਰਗਰਮ ਹੈ ਜਦੋਂ ਕਿ ਹਕੀਕਤ ਇਸ ਦੇ ਉਲਟ ਹੁੰਦੀ ਹੈ।

ਇਸ ਬੇਲੋੜੀ ਅਤੇ ਅੰਨ੍ਹੇਵਾਹ ਇਸ਼ਤਿਹਾਰਬਾਜ਼ੀ ਦੇ ਸਮਾਜ ਉੱਤੇ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ। ਸਭ ਤੋਂ ਪਹਿਲਾ ਨੁਕਸਾਨ ਇਹ ਹੁੰਦਾ ਹੈ ਕਿ ਸਮਾਜ ਦੀਆਂ ਅਸਲ ਅਤੇ ਭਖਦੀਆਂ ਸਮੱਸਿਆਵਾਂ ਜਿਵੇਂ ਕਿ ਬੇਰੁਜ਼ਗਾਰੀ, ਖ਼ਰਾਬ ਸਿਹਤ ਸਹੂਲਤਾਂ, ਟੁੱਟੀਆਂ ਸੜਕਾਂ, ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਅਤੇ ਸਰਕਾਰੀ ਸਕੂਲਾਂ ਦੇ ਮਾੜੇ ਹਾਲਾਤ ਨੂੰ ਇਨ੍ਹਾਂ ਚਮਕਦਾਰ ਪੋਸਟਰਾਂ ਦੇ ਪਿੱਛੇ ਛੁਪਾ ਲਿਆ ਜਾਂਦਾ ਹੈ। ਜਦੋਂ ਆਮ ਨਾਗਰਿਕ ਹਸਪਤਾਲਾਂ ਵਿੱਚ ਦਵਾਈਆਂ ਨਾ ਹੋਣ ਕਾਰਨ ਪਰੇਸ਼ਾਨ ਹੁੰਦਾ ਹੈ, ਪਰ ਬਾਹਰ ਸੜਕ 'ਤੇ ਲੱਗੇ ਵੱਡੇ ਬੋਰਡ ਉੱਤੇ ਸਿਹਤ ਕ੍ਰਾਂਤੀ ਦੇ ਦਾਅਵੇ ਪੜ੍ਹਦਾ ਹੈ ਤਾਂ ਉਸ ਦਾ ਸਰਕਾਰੀ ਤੰਤਰ ਤੋਂ ਵਿਸ਼ਵਾਸ ਉੱਠ ਜਾਂਦਾ ਹੈ। ਸਰਕਾਰਾਂ ਇਸ ਭਰਮਜਾਲ ਰਾਹੀਂ ਜਨਤਾ ਦਾ ਧਿਆਨ ਅਸਲ ਮੁਦਿਆਂ ਤੋਂ ਭਟਕਾ ਕੇ ਰੱਖਣਾ ਚਾਹੁੰਦੀਆਂ ਹਨ ਤਾਂ ਜੋ ਉਨ੍ਹਾਂ ਤੋਂ ਜਵਾਬਦੇਹੀ ਨਾ ਮੰਗੀ ਜਾ ਸਕੇ। ਕਾਗਜ਼ੀ ਦਾਅਵਿਆਂ ਅਤੇ ਹਕੀਕਤ ਦੇ ਇਸ ਵੱਡੇ ਪਾੜੇ ਕਾਰਨ ਸਮਾਜਿਕ ਵਿਕਾਸ ਦੀ ਰਫ਼ਤਾਰ ਬਹੁਤ ਹੌਲੀ ਹੋ ਜਾਂਦੀ ਹੈ।

ਜੇਕਰ ਸਰਕਾਰਾਂ ਇਸ ਫੋਕੀ ਮਸ਼ਹੂਰੀ ਉੱਤੇ ਖਰਚ ਕੀਤੇ ਜਾਣ ਵਾਲੇ ਕਰੋੜਾਂ-ਅਰਬਾਂ ਰੁਪਏ ਨੂੰ ਬਚਾ ਕੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਉਣ ਤਾਂ ਦੇਸ਼ ਦੀ ਤਸਵੀਰ ਬਦਲ ਸਕਦੀ ਹੈ। ਉਹੀ ਪੈਸਾ ਸਰਕਾਰੀ ਸਕੂਲਾਂ ਵਿੱਚ ਨਵੇਂ ਕਮਰੇ, ਕੰਪਿਊਟਰ ਲੈਬਾਂ ਬਣਾਉਣ, ਹਸਪਤਾਲਾਂ ਵਿੱਚ ਆਧੁਨਿਕ ਮਸ਼ੀਨਾਂ ਅਤੇ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਜਾਂ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਅਵਸਰ ਪੈਦਾ ਕਰਨ ਲਈ ਵਰਤਿਆ ਜਾ ਸਕਦਾ ਹੈ। ਅਸਲ ਵਿਕਾਸ ਉਹ ਹੁੰਦਾ ਹੈ ਜੋ ਕਿਸੇ ਇਸ਼ਤਿਹਾਰੀ ਬੋਰਡ 'ਤੇ ਨਹੀਂ, ਸਗੋਂ ਆਮ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਨਜ਼ਰ ਆਵੇ। ਜਦੋਂ ਕਿਸੇ ਗਰੀਬ ਨੂੰ ਸਮੇਂ ਸਿਰ ਮੁਫ਼ਤ ਇਲਾਜ ਮਿਲੇਗਾ, ਕਿਸੇ ਬੇਰੁਜ਼ਗਾਰ ਨੂੰ ਯੋਗਤਾ ਅਨੁਸਾਰ ਨੌਕਰੀ ਮਿਲੇਗੀ ਅਤੇ ਸੜਕਾਂ ਸੁਰੱਖਿਅਤ ਹੋਣਗੀਆਂ ਤਾਂ ਜਨਤਾ ਦੇ ਮਨ ਵਿੱਚ ਸਰਕਾਰ ਲਈ ਆਪਣੇ ਆਪ ਸਤਿਕਾਰ ਪੈਦਾ ਹੋਵੇਗਾ। ਉਸ ਸਥਿਤੀ ਵਿੱਚ ਸਰਕਾਰ ਨੂੰ ਆਪਣੀ ਤਾਰੀਫ਼ ਦੇ ਪੁਲ ਬੰਨ੍ਹਣ ਲਈ ਕਿਸੇ ਪੋਸਟਰ ਜਾਂ ਹੋਰਡਿੰਗ ਦੀ ਲੋੜ ਨਹੀਂ ਰਹਿ ਜਾਵੇਗੀ।

ਲੋਕਤੰਤਰ ਵਿੱਚ ਜਨਤਾ ਹੀ ਸਭ ਤੋਂ ਵੱਡੀ ਅਦਾਲਤ ਹੁੰਦੀ ਹੈ ਅਤੇ ਉਹ ਸਭ ਕੁਝ ਚੰਗੀ ਤਰ੍ਹਾਂ ਸਮਝਦੀ ਹੈ। ਕਾਗਜ਼ੀ ਪੋਸਟਰਾਂ ਅਤੇ ਚਮਕਦਾਰ ਬੋਰਡਾਂ ਰਾਹੀਂ ਲੋਕਾਂ ਨੂੰ ਕੁਝ ਸਮੇਂ ਲਈ ਤਾਂ ਗੁੰਮਰਾਹ ਕੀਤਾ ਜਾ ਸਕਦਾ ਹੈ, ਪਰ ਲੰਮੇ ਸਮੇਂ ਤੱਕ ਹਕੀਕਤ ਨੂੰ ਛੁਪਾਇਆ ਨਹੀਂ ਜਾ ਸਕਦਾ। ਅੱਜ ਦੇ ਜਾਗਰੂਕ ਨਾਗਰਿਕ ਨੂੰ ਹੁਣ ਸਰਕਾਰਾਂ ਦੇ ਇਨ੍ਹਾਂ ਐਲਾਨਾਂ ਅਤੇ ਮਸ਼ਹੂਰੀਆਂ ਦੇ ਪਿੱਛੇ ਛਿਪੀ ਸਿਆਸਤ ਨੂੰ ਪਛਾਣਨਾ ਹੋਵੇਗਾ ਅਤੇ ਸਰਕਾਰਾਂ ਤੋਂ ਇਸ਼ਤਿਹਾਰਾਂ ਦੀ ਬਜਾਏ ਕੀਤੇ ਗਏ ਕੰਮਾਂ ਦਾ ਹਿਸਾਬ ਮੰਗਣਾ ਹੋਵੇਗਾ। ਸਰਕਾਰਾਂ ਨੂੰ ਵੀ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਨਤਾ ਦੇ ਪੈਸੇ ਦੀ ਵਰਤੋਂ ਸਿਰਫ਼ ਅਤੇ ਸਿਰਫ਼ ਲੋਕਾਂ ਦੀਆਂ ਸਹੂਲਤਾਂ ਅਤੇ ਭਲਾਈ ਲਈ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਪਾਰਟੀ ਦੇ ਪ੍ਰਚਾਰ ਜਾਂ ਆਪਣੀ ਪਿੱਠ ਆਪ ਥਾਪੜਨ ਲਈ। ਅਸਲ ਸਿਆਣਪ ਕੰਮ ਦਾ ਰੌਲਾ ਪਾਉਣ ਵਿੱਚ ਨਹੀਂ ਸਗੋਂ ਇਮਾਨਦਾਰੀ ਨਾਲ ਕੰਮ ਕਰਕੇ ਜਨਤਾ ਦੇ ਦਿਲਾਂ ਵਿੱਚ ਜਗ੍ਹਾ ਬਣਾਉਣ ਵਿੱਚ ਹੈ।



**ਚਾਨਣਦੀਪ ਸਿੰਘ ਔਲਖ , ਪਿੰਡ ਗੁਰਨੇ ਖੁਰਦ (ਮਾਨਸਾ) ਸੰਪਰਕ 9876888177**

# ਸੇਵਾ ਟਰੱਸਟ ਯੂਕੇ ਨੂੰ ਇੰਗਲੈਂਡ ਅਤੇ ਭਾਰਤ ਵਿੱਚ ਕਮਿਊਨਿਟੀ ਸਹਾਇਤਾ ਕਾਰਜਾਂ ਲਈ ‘ਚੈਰਿਟੀ ਆਫ਼ ਦ ਈਅਰ 2026’ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ

**(ਸਮਾਜ ਵੀਕਲੀ)** ਇੱਕ ਬੈੱਡਫੋਰਡ ਸਥਿਤ ਚੈਰਿਟੀ ਨੂੰ ਇੰਗਲੈਂਡ ਅਤੇ ਭਾਰਤ ਵਿੱਚ ਉਨ੍ਹਾਂ ਦੇ ਸ਼ਾਨਦਾਰ ਚੈਰਿਟੀ ਕਾਰਜਾਂ ਲਈ ਸਨਮਾਨਿਤ ਕੀਤਾ ਗਿਆ ਹੈ। ਸੇਵਾ ਟਰੱਸਟ ਨੂੰ ਕਾਰਪੋਰੇਟ ਲਾਈਵ ਵਾਇਰ ਪ੍ਰੈਸਟੀਜ ਅਵਾਰਡ ਟੀਮ ਤੋਂ ‘ਗੈਰ-ਮੁਨਾਫ਼ਾ ਸੰਗਠਨ (ਐਨਪੀਓ) ਆਫ ਦਿ ਈਅਰ 2026’ ਪੁਰਸਕਾਰ ਪ੍ਰਾਪਤ ਹੋਇਆ। ‘ਸੈਂਟਰਲ ਇੰਗਲੈਂਡ ਪ੍ਰੈਸਟੀਜ ਰਾਸ਼ਟਰੀ ਅਵਾਰਡਜ਼’ ਬਰਮਿੰਘਮ ਵਿਖੇ ਆਯੋਜਿਤ ਕੀਤਾ ਗਿਆ। ਸੇਵਾ ਟਰੱਸਟ ਦੀ ਤਰਫੋਂ ਸੰਸਥਾਪਕ ਅਤੇ ਚੇਅਰਮੈਨ ਚਰਨ ਕੰਵਲ ਸਿੰਘ ਸੇਖੋਂ ਐਮ.ਬੀ.ਈ., ਵਾਈਸ ਚੇਅਰ ਡਾ: ਬਲਜੀਤ ਕੌਰ ਉਪਾਧਿਆਏ, ਟਰੱਸਟੀ ਸਤਨਾਮ ਸਿੰਘ ਗਲਸੀਨ ਅਤੇ ਜ਼ਿਲ੍ਹਾ ਕੋਆਰਡੀਨੇਟਰ ਸ਼ਮਿੰਦਰ ਸਿੰਘ ਗਰਚਾ ਨੇ ਇਹ ਸਨਮਾਨ ਪ੍ਰਾਪਤ ਕੀਤਾ ਇਸ ਮੌਕੇ ‘ਤੇ ਸੇਵਾ ਟਰੱਸਟ ਪ੍ਰਬੰਧਨ ਟੀਮ ਨੇ ਸਾਰੇ ਵਲੰਟੀਅਰਾਂ ਅਤੇ ਸਹਿਯੋਗੀ ਭਾਈਵਾਲਾਂ ਦਾ ਧੰਨਵਾਦ ਕੀਤਾ ਅਤੇ ਕਿਹਾ “ਅਸੀਂ ਇਹ ਪੁਰਸਕਾਰ ਆਪਣੇ ਸਾਰੇ ਵਲੰਟੀਅਰਾਂ ਅਤੇ ਸਹਿਯੋਗੀ ਭਾਈਵਾਲਾਂ ਖਾਸ ਕਰਕੇ ਸਾਡੇ ਪੰਜਾਬ ਅਤੇ ਹਰਿਆਣਾ ਓਪਰੇਸ਼ਨ ਚੇਅਰਮੈਨ ਸ਼੍ਰੀ ਨਰੇਸ਼ ਮਿੱਤਲ ਅਤੇ ਸਾਰੇ ਟਰੱਸਟੀਆਂ ਅਤੇ ਪ੍ਰੋਜੈਕਟ ਡਿਲੀਵਰੀ ਟੀਮਾਂ ਨੂੰ ਸਮਰਪਿਤ ਕਰਦੇ ਹਾਂ। ਅਸੀਂ ਸਾਡੀ ਚੈਰਿਟੀ ਦੀ ਚੋਣ ਕਰਨ ਲਈ ਜੱਜਿੰਗ ਪੈਨਲ ਅਤੇ ਪੁਰਸਕਾਰ ਟੀਮ ਦਾ ਧੰਨਵਾਦ ਕਰਨਾ ਚਾਹੁੰਦੇ ਹਾਂ।“

ਪ੍ਰੈਸਟੀਜ ਅਵਾਰਡਜ਼ ਟੀਮ ਦੇ ਡਾਇਰੈਕਟਰ ਜੈਕਬ ਬ੍ਰਾਊਨ ਨੇ ਕਿਹਾ, ‘ ਅਵਾਰਡਜ਼ ਟੀਮ ਜੱਜ ਇੰਗਲੈਂਡ ਅਤੇ ਭਾਰਤ ਵਿੱਚ ਪਛੜੇ ਪਰਿਵਾਰਾਂ ਅਤੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਉਣ ਵਾਲੇ ਬਹੁਤ




ਪ੍ਰਭਾਵਸ਼ਾਲੀ ਭਲਾਈ ਪ੍ਰੋਜੈਕਟਾਂ ਤੋਂ ਪ੍ਰਭਾਵਿਤ ਹੋਏ, ਖਾਸ ਕਰਕੇ ਡਚੇਨ ਮਸਕੂਲਰ ਡਿਸਟ੍ਰੋਫੀ (ਡੀਐੈਮਡੀ) ਵਾਲੇ ਬੱਚਿਆਂ ਲਈ ਉੱਤਰੀ ਭਾਰਤ ਦਾ ਪਹਿਲਾ ਮੁਫਤ ਮਲਟੀ-ਫੈਸਿਲਿਟੀ ਹੋਮ ਸਥਾਪਤ ਕਰਨਾ, ਪੰਜਾਬ ਅਤੇ ਹਰਿਆਣਾ ਵਿੱਚ ਵੱਖ-ਵੱਖ ਪ੍ਰੋਜੈਕਟਾਂ ਰਾਹੀਂ 100,000 ਤੋਂ ਵੱਧ ਪਰਿਵਾਰਾਂ ਅਤੇ ਵਿਦਿਆਰਥੀਆਂ ਦੀ ਮਦਦ ਕਰਨਾ ਅਤੇ ਔਰਤਾਂ ਅਤੇ ਕੁੜੀਆਂ ਲਈ ਸਫਲ ਪ੍ਰੋਗਰਾਮ ਚਲਾਉਣਾ। ਇੰਗਲੈਂਡ ਵਿੱਚ, ਸੇਵਾ ਟਰੱਸਟ ਇੱਕ ਵੀ ਤਨਖਾਹ ਵਾਲੇ ਸਟਾਫ ਤੋਂ ਬਿਨਾਂ ਕੰਮ ਕਰਦਾ ਹੈ ਅਤੇ ਵੱਖ-ਵੱਖ




ਕਮਿਊਨਿਟੀ ਪ੍ਰੋਜੈਕਟਾਂ ਅਤੇ ਸਮਾਗਮਾਂ ਰਾਹੀਂ 1,500 ਤੋਂ ਵੱਧ ਵਿਦਿਆਰਥੀਆਂ, 600 ਪਰਿਵਾਰਾਂ ਅਤੇ ਬਜ਼ੁਰਗਾਂ ਜਾਂ ਕਮਜ਼ੋਰ ਲੋਕਾਂ ਦੀ ਸਹਾਇਤਾ ਕਰਦਾ ਹੈ, ਜੋ ਕਿ ਇੱਕ ਵੱਡੀ ਪ੍ਰਾਪਤੀ ਹੈ।’ ਇਹ ਸਾਲਾਨਾ ਪੁਰਸਕਾਰ ਕਾਰਪੋਰੇਟ ਲਾਈਵ ਵਾਇਰ ਪ੍ਰੈਸਟੀਜ ਅਵਾਰਡ ਟੀਮ ਦੁਆਰਾ ਕਰਵਾਏ ਜਾਂਦੇ ਹਨ ਅਤੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਕਾਰੋਬਾਰਾਂ ਅਤੇ ਚਾਰਟੀਆਂ ਅਤੇ ਗੈਰ-ਮੁਨਾਫ਼ਾ ਸੰਗਠਨਾਂ ਨੂੰ ਦਿੱਤੇ ਜਾਂਦੇ ਹਨ ਜਿਨ੍ਹਾਂ ਨੇ ਮਹੱਤਵਪੂਰਨ ਸਮਾਜਿਕ ਅਤੇ ਭਾਈਚਾਰਕ ਪ੍ਰਭਾਵ ਪਾਇਆ ਹੈ।

ਇਸ ਤੋਂ ਪਹਿਲਾਂ ਸੇਵਾ ਟਰੱਸਟ ਯੂਕੇ ਨੂੰ 2019 ਦੇ ਬ੍ਰਿਟਿਸ਼ ਇੰਡੀਅਨ ਅਵਾਰਡਾਂ ਵਿੱਚ “ਚੈਰਿਟੀ ਆਫ਼ ਦ ਈਅਰ” ਅਤੇ ਇੰਗਲੈਂਡ ਵਿੱਚ ਕੋਰੋਨਾ ਮਹਾਂਮਾਰੀ ਦੌਰਾਨ ਉਨ੍ਹਾਂ ਨੂੰ ਭਾਈਚਾਰੇ ਅਤੇ ਵਿਦਿਆਰਥੀਆਂ ਦੇ ਸਮਰਥਨ ਦੇ ਕੰਮ ਲਈ “ਗੈਰ-ਮੁਨਾਫ਼ਾ ਸੰਗਠਨ (ਐਨ.ਪੀ.ਓ) ਆਫ਼ ਦ ਈਅਰ 2021” ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਸੀ।

# ਹਰ ਜ਼ਿਲ੍ਹੇ ਵਿੱਚ ਮਨੁੱਖੀ ਅਧਿਕਾਰ ਕਮਿਸ਼ਨ ਦੇ ਜ਼ਿਲ੍ਹਾ ਦਫ਼ਤਰ ਖੋਲ੍ਹਣ ਲਈ ਡੀ.ਸੀ ਦਫ਼ਤਰਾਂ ਵਿੱਚ ਜਗ੍ਹਾ ਲਈ ਜਾਵੇਗੀ – ਪਦਮਸ਼੍ਰੀ ਐਵਾਰਡੀ ਜਤਿੰਦਰ ਸਿੰਘ ਸ਼ੰਟੀ

## ਪੰਜਾਬ ਬਣੇਗਾ ਦੇਸ਼ ਦਾ ਪਹਿਲਾ ਰਾਜ, ਜਿੱਥੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਪਹੁੰਚ ਜ਼ਿਲ੍ਹਿਆਂ ਤੱਕ ਹੋਵੇਗੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਮਨੁੱਖੀ ਅਧਿਕਾਰਾਂ ਦੀ ਰੱਖਿਆ ਅਤੇ ਲੋਕਾਂ ਨੂੰ ਤੇਜ਼, ਪਾਰਦਰਸ਼ੀ ਅਤੇ ਸਥਾਨਕ ਪੱਧਰ ‘ਤੇ ਇਨਸਾਫ਼ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ ਜ਼ਿਲ੍ਹਾ ਪੱਧਰੀ ਕੰਪਲੈਕਸ ਵਿੱਚ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਕੋਰ ਕਮੇਟੀ ਦੇ ਜ਼ਿਲ੍ਹਾ ਦਫ਼ਤਰ ਖੋਲ੍ਹੇ ਜਾਣਗੇ। ਇਸ ਸਬੰਧੀ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਤੋਂ ਦਫਤਰ ਖੋਲਣ ਲਈ ਜਗ੍ਹਾ ਦੀ ਮੰਗ ਕੀਤੀ ਗਈ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਮੈਂਬਰ ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਸ. ਜਤਿੰਦਰ ਸਿੰਘ ਸ਼ੰਟੀ (ਪਦਮਸ਼੍ਰੀ ਐਵਾਰਡੀ) ਨੇ ਸ਼ਨੀਵਾਰ ਨੂੰ ਲੁਧਿਆਣਾ ਦੀ ਆਲਮਗੀਰ ਮਾਰਕੀਟ ਦੇ ਇੱਕ ਨਿੱਜੀ ਹੋਟਲ ਵਿੱਚ ਮਨੁੱਖੀ ਅਧਿਕਾਰਾਂ ਬਾਰੇ ਲੋਕਾਂ ਨੂੰ ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ। ਪਦਮਸ਼੍ਰੀ ਐਵਾਰਡੀ ਸ. ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਇਹ ਪਹਿਲ ਪੰਜਾਬ ਨੂੰ ਦੇਸ਼ ਦਾ ਪਹਿਲਾ ਅਜਿਹਾ ਰਾਜ ਬਣਾਉਂਦੀ ਹੈ ਜਿੱਥੇ ਮਨੁੱਖੀ ਅਧਿਕਾਰ ਕਮਿਸ਼ਨ ਦੀ ਕਾਰਗੁਜ਼ਾਰੀ ਦਾ ਜ਼ਿਲ੍ਹਾ ਪੱਧਰ ਤੱਕ ਵਿਸਥਾਰ ਕੀਤਾ ਜਾਵੇਗਾ। ਇਸ ਕਦਮ ਨਾਲ ਆਮ ਲੋਕਾਂ ਨੂੰ ਆਪਣੇ ਅਧਿਕਾਰਾਂ ਲਈ ਦਫਤਰ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ ਤੱਕ ਜਾਣ ਦੀ ਲੋੜ ਨਹੀਂ ਪਵੇਗੀ, ਸਗੋਂ ਉਹ ਆਪਣੇ ਹੀ ਜ਼ਿਲ੍ਹੇ ਵਿੱਚ ਹੀ ਆਪਣੀਆਂ ਸ਼ਿਕਾਇਤਾਂ ਇਸ ਕੋਰ ਕਮੇਟੀ ਦੇ ਜ਼ਿਲ੍ਹਾ ਦਫਤਰ ਵਿੱਚ ਦਰਜ ਕਰਵਾ ਸਕਣਗੇ। ਸ. ਜਤਿੰਦਰ ਸਿੰਘ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਸਿਰਫ਼ ਕਾਨੂੰਨੀ ਜ਼ਿੰਮੇਵਾਰੀ ਨਹੀਂ, ਸਗੋਂ ਇੱਕ ਸਮਾਜਿਕ ਫਰਜ਼ ਵੀ ਹੈ। ਉਨ੍ਹਾਂ ਕਿਹਾ ਕਿ ਸਮਾਜ ਦੇ ਹਰ ਵਰਗ ਨੂੰ ਬਰਾਬਰੀ, ਇਨਸਾਫ਼



ਅਤੇ ਸਨਮਾਨ ਮਿਲਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦਾ ਮੁੱਖ ਉਦੇਸ਼ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਸੰਬੰਧਿਤ ਮਾਮਲਿਆਂ ਦਾ ਤੇਜ਼ ਨਿਪਟਾਰਾ ਕਰਨਾ ਹੈ। ਸ. ਸ਼ੰਟੀ ਨੇ ਇਹ ਵੀ ਕਿਹਾ ਕਿ ਕਮਿਸ਼ਨ ਦੀ ਕਾਰਜਪ੍ਰਣਾਲੀ ਨੂੰ ਹੋਰ ਪਾਰਦਰਸ਼ੀ ਅਤੇ ਲੋਕ-ਕੇਂਦਰਿਤ ਬਣਾਇਆ ਜਾਵੇਗਾ। ਸ਼ਿਕਾਇਤਾਂ ਦੀ ਸੁਣਵਾਈ ਸਮੇਂ ਸਿਰ ਹੋਵੇਗੀ ਅਤੇ ਹਰ ਮਾਮਲੇ ਨੂੰ ਸੰਵੇਦਨਸ਼ੀਲਤਾ ਨਾਲ ਦੇਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਖਾਸ ਤੌਰ ‘ਤੇ ਮਹਿਲਾਵਾਂ, ਬੱਚਿਆਂ, ਬਜ਼ੁਰਗਾਂ, ਮਜ਼ਦੂਰਾਂ ਅਤੇ ਸਮਾਜ ਦੇ ਪਿੱਛੜੇ ਵਰਗਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਪੰਜਾਬ ਰਾਜ ਅਤੇ ਚੰਡੀਗੜ੍ਹ (ਯੂ.ਟੀ) ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਸ. ਸ਼ੰਟੀ ਨੇ ਮਨੁੱਖੀ ਅਧਿਕਾਰਾਂ ਦੀ ਮਹੱਤਤਾ ‘ਤੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਾਗਰੂਕਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰ ਸਿਰਫ਼ ਕਿਤਾਬਾਂ ਜਾਂ ਕਾਨੂੰਨਾਂ ਤੱਕ ਸੀਮਿਤ ਨਹੀਂ ਰਹਿਣੇ ਚਾਹੀਦੇ, ਸਗੋਂ ਹਰ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ ਵਿੱਚ ਇਨ੍ਹਾਂ ਦੀ ਪਾਲਣਾ ਹੋਣੀ ਚਾਹੀਦੀ ਹੈ। ਇਸ ਮੌਕੇ ਮੌਜੂਦ ਮਨੁੱਖੀ ਅਧਿਕਾਰਾਂ ਲਈ ਕੰਮ ਕਰਨ ਵਾਲੀਆਂ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਭਵਿੱਖ ਵਿੱਚ ਜ਼ਿਲ੍ਹਾ ਪੱਧਰ ‘ਤੇ ਮਨੁੱਖੀ ਅਧਿਕਾਰ ਕਮਿਸ਼ਨ ਦੀਆਂ ਕੋਰ ਕਮੇਟੀਆਂ ਦੇ ਦਫਤਰ ਖੋਲ੍ਹਣ ਨਾਲ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਬਹੁਤ ਫਾਇਦਾ ਹੋਵੇਗਾ। ਉਹਨਾਂ ਕਿਹਾ ਕਿ ਹੁਣ ਅਸੀਂ ਨਵਾਂ ਕੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ੇ ਦੇ ਵੱਡੇ ਸੌਦਾਗਰਾਂ ਨੂੰ ਫੜਨ ਲਈ ਸਾਡੀ ਟੀਮ ਕੰਮ ਕਰੇਗੀ। ਜਿਹੜੇ ਵੀ ਲੋਕ ਅਜਿਹੇ ਗਲਤ ਅਨਸਰਾਂ ਨੂੰ ਸਹਾਰਾ ਦਿੰਦੇ ਹਨ ਉਹ ਪ੍ਰਸ਼ਾਸਨਿਕ ਜਾਂ ਸਮਾਜਿਕ ਕੋਈ ਵੀ ਹੋਵੇ, ਬਖਸ਼ਿਆ ਨਹੀਂ ਜਾਵੇਗਾ। ਸ. ਸ਼ੰਟੀ ਨੇ ਦੱਸਿਆ ਕਿ ਇੱਕ ਹੋਰ ਨਵੇਂ ਕੰਮ ਤਹਿਤ ਪੰਜਾਬ ਵਿੱਚ ਵੀਜ਼ਾ ਇਮੀਗ੍ਰੇਸ਼ਨ ਦੀਆਂ ਬਹੁਤ ਸਾਰੀਆਂ ਦੁਕਾਨਾਂ ਖੁੱਲੀਆਂ ਹੋਈਆਂ ਹਨ। ਉਹਨਾਂ ਨੇ ਲੋਕਾਂ ਦਾ ਅਰਬਾਂ ਰੁਪਇਆ ਲੁੱਟ ਲਿਆ ਹੈ ਅਤੇ ਨਾ ਲੋਕਾਂ ਨੂੰ ਵੀਜ਼ਾ ਮਿਲਿਆ ਹੈ। ਅਸੀਂ ਅਜਿਹੇ ਇਮੀਗ੍ਰੇਸ਼ਨ ਦੀਆਂ ਲਿਸਟਾਂ ਮੰਗਵਾ ਲਈਆਂ ਹਨ ਕਿ ਕਿਹੜੇ ਏਜੰਟ ਰਜਿਸਟਰ ਹਨ ਅਤੇ ਕਿਹੜੇ ਜਾਅਲੀ ਕੰਮ ਕਰ ਰਹੇ ਹਨ। ਜਿਹੜੇ ਲੋਕਾਂ ਨਾਲ ਧੋਖਾ ਹੋਇਆ ਹੈ ਕਰੀਬ 450 ਅਰਜੀਆਂ ਸਾਡੇ ਕੋਲ ਆ ਚੁੱਕੀਆਂ ਹਨ। ਇਸ ਵਿੱਚ ਵੱਡੇ ਪੱਧਰ ਉੱਤੇ ਧੋਖਾ ਖਾਣ ਵਾਲੇ ਲੋਕਾਂ ਦੀਆਂ ਅਰਜੀਆਂ ਆਈਆਂ ਹਨ। ਇਸ ਸਾਰੇ ਕੰਮ 'ਤੇ ਪੰਜਾਬ ਮਨੁੱਖੀ ਅਧਿਕਾਰ ਕਮਿਸ਼ਨ, ਚੰਡੀਗੜ੍ਹ ਕਾਰਵਾਈ ਕਰ ਰਿਹਾ ਹੈ।

# ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ ਵਲੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 135ਵਾਂ ਜਨਮ ਦਿਵਸ ਬਹੁਤ ਹੀ ਧੂਮ ਧਾਮ ਨਾਲ ਮਨਾਇਆ ਗਿਆ





























**ਸਮਾਜ ਵੀਕਲੀ ਯੂ ਕੇ** ਨਿਊਜ਼ੀਲੈਂਡ- ਅੰਬੇਡਕਰ ਮਿਸ਼ਨ ਸੋਸਾਇਟੀ ਨਿਊਜ਼ੀਲੈਂਡ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ 135ਵਾਂ ਜਨਮ ਦਿਵਸ 30 ਮਈ 2026 ਦਿਨ ਸ਼ਨੀਵਾਰ ਨੂੰ ਬਹੁਤ ਹੀ ਧੂਮ ਧਾਮ ਨਾਲ ਪੁਕੀਕੋਹੀ ਆਕਲੈਂਡ, ਨਿਊਜ਼ੀਲੈਂਡ ਵਿਖੇ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸੈਕਟਰੀ ਰੇਸ਼ਮ ਕਰੀਮਪੁਰੀ ਨੇ ਪਹੁੰਚੀਆਂ ਸੰਗਤਾਂ ਨੂੰ ਜੀ ਆਇਆਂ ਆਖ ਕੇ ਕੀਤੀ ਅਤੇ ਪ੍ਰਧਾਨ ਮਹਿੰਦਰਪਾਲ ਡੱਲੀ ਜੀ ਨੇ ਬਾਬਾ ਸਾਹਿਬ ਦੀਆਂ ਸਿੱਖਿਆਵਾਂ ਉੱਤੇ ਸੰਖੇਪ ਚਾਨਣਾ ਪਾਇਆ ਅਤੇ ਬਾਬਾ ਸਾਹਿਬ ਦੇ ਸੁਪਨਿਆ ਨੂੰ ਪੂਰਾ ਕਰਨ ਦਾ ਪ੍ਰਣ ਕੀਤਾ ਤੇ ਸਾਰੀਆਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਵੱਖ - ਵੱਖ ਪਬੰਧਕ ਕਮੈਟੀਆ ਨੇ ਸ਼ਿਰਕਤ ਕੀਤੀ ਜਿਵੇਂ ਕੇ ਸ੍ਰੀ ਗੁਰੂ ਰਵਿਦਾਸ ਸਭਾ ਸਭਾ ਬੌਂਬੇ ਹਿੱਲ, ਸ੍ਰੀ ਗੁਰੂ ਰਵਿਦਾਸ ਸਭਾ ਹੈਸਟਿੰਗ, ਬੇਗ਼ਮਪੁਰਾ ਸਿੱਖ ਟੈਂਪਲ ਪਾਪਾਕੁਰਾ ਅਤੇ ਸਿੱਖ ਕੌਂਸਿਲ ਨਿਊਜ਼ੀਲੈਂਡ, ਅੰਬੇਡਕਰ ਸਪੋਰਟਸ ਐਂਡ ਕਲਚਰਲ ਕਲੱਬ ।ਅੰਬੇਡਕਰ ਮਿਸ਼ਨ ਸੋਸਾਇਟੀ ਦੀ ਪੂਰੀ ਟੀਮ ਪਹੁੰਚੀਆਂ ਸਾਰੀਆਂ ਕਮੇਟੀਆਂ ਅਤੇ ਸਾਰੀਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕਰਦੀ ਹੈ ।

**ਪਹੁੰਚੇ ਮੁੱਖ ਬੁਲਾਰੇ ਤੇ ਸਾਥੀ:** ਪ੍ਰਧਾਨ ਮਹਿੰਦਰਪਾਲ ਡੱਲੀ, ਸੈਕਟਰੀ ਰੇਸ਼ਮ ਕਰੀਮਪੁਰੀ, ਵਾਈਸ ਸੈਕਟਰੀ ਰਾਕੇਸ਼ ਕੁਮਾਰ, ਮੀਡੀਆ ਇੰਚਾਰਜ ਗਿਰੀਸ਼ ਗਿੰਨੀ, ਹਨੀ ਪੁਰਹੀਰਾਂ, ਰੋਮੀਓ, ਰਵਿੰਦਰ ਗਿੰਦਾ, ਨਿਤਿਨ ਪੌਲ, ਮਨਜੀਤ ਸੰਧੂ ਹਾਸਟਿੰਗ, ਬਿੱਲਾ ਮੁਗੋਵਾਲੀਆ, ਦਿਨੇਸ਼ ਵਿਰਦੀ, ਸ਼ਾਮਲਾਲ ਜੱਸਲ, ਮਲਕੀਅਤ ਸਹੋਤਾ, ਕੁਲਵਿੰਦਰ ਝੰਮਟ, ਰਵਿੰਦਰ ਝੰਮਟ, ਜਸਵਿੰਦਰ ਸੰਧੂ, ਨਿਰਮਲਜੀਤ ਸਿੰਘ ਭੱਟੀ, ਅਵਤਾਰ ਤਰਕਸ਼ੀਲ, ਰੁਪਿੰਦਰ ਸੁਮਨ, ਰਾਕੇਸ਼ ਰਾਜੂ, ਲਖਵਿੰਦਰ ਲੇਖ, ਸਤਿੰਦਰ ਪੱਪੀ, ਸੁਰਜੀਤ ਬਿਰਦੀ, MP ਪਰਮਜੀਤ ਪਰਮਾਰ, ਲੇਬਰ ਕੈਂਡੀਡੇਟ ਟਕਾਨਿਨੀ ਖੜਗ ਸਿੰਘ, Naitonal Caniddate Port Wiakato Mathew Paul |

**ਲੇਡੀਜ ਵਿੰਗ:** ਪ੍ਰਧਾਨ ਜਸਵਿੰਦਰ ਕੌਰ, ਵਾਈਸ ਪ੍ਰਧਾਨ ਨੀਲਮ ਰੱਤੂ, ਸੈਕਟਰੀ ਸੁਨੀਤਾ ਕਰੀਮਪੁਰੀ, ਵਾਈਸ ਸੈਕਟਰੀ ਜੋਤੀ ਬੰਗੜ, ਖਜ਼ਾਨਚੀ ਕਮਲਜੀਤ ਕੌਰ, ਵਾਈਸ ਖਜ਼ਾਨਚੀ ਬਿੰਦੂ ਦੁੱਗਲ, ਮੀਡੀਆ ਇੰਚਾਰਜ ਪ੍ਰਿਆ ਪੌਲ, ਵਾਈਸ ਮੀਡੀਆ ਇੰਚਾਰਜ ਅੰਜਨਾ ਕੁਮਾਰੀ, ਈਵੈਂਟ ਮੈਨੇਜਮੈਂਟ ਰਾਜ ਰਾਣੀ, ਵਾਈਸ ਈਵੈਂਟ ਮੈਨੇਜਮੈਂਟ ਪ੍ਰਿਅੰਕਾ ਸੋਨੀ ।

**ਜੈ ਭੀਮ ਜੈ ਭਾਰਤ**

# ਅੱਜ ਅੰਤਿਮ ਸੰਸਕਾਰ 'ਤੇ ਵਿਸ਼ੇਸ਼; ਬੁੱਧ ਧੰਮ ਦੇ ਸੱਚੇ -ਸੁੱਚੇ ਪਹਿਰੇਦਾਰ -ਭਗਤ ਰਾਮ ਸਾਂਪਲਾ

**ਸਮਾਜ ਵੀਕਲੀ ਯੂ ਕੇ**

ਮਾਨਯੋਗ ਭਗਤ ਰਾਮ ਸਾਂਪਲਾ ਸੋਫੀ ਪਿੰਡ (ਯੂ.ਕੇ.) ਸਾਨੂੰ 11 ਮਈ 2026 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨਾਂ ਦਾ ਅੰਤਿਮ ਸੰਸਕਾਰ ਅੱਜ 01 ਜੂਨ 2026 ਨੂੰ, ਦਿਨ ਸੋਮਵਾਰ ਦੁਪਹਿਰ 12 ਵਜੇ New pond road, Godalimng Surry, GU7 3DB ਵਿਖੇ ਕੀਤਾ ਜਾਵੇਗਾ। ਇਹ ਜੋ ਘਾਟਾ ਸਾਂਪਲਾ ਪਰਿਵਾਰ ਤੋਂ ਇਲਾਵਾ ਸਮਾਜ ਅਤੇ ਕੌਮ ਨੂੰ ਪਿਆ ਹੈ, ਇਹ ਕਦੇ ਵੀ ਪੂਰਾ ਹੋਣ ਵਾਲਾ ਨਹੀਂ ਹੈ। ਭਾਵੇਂ ਸਾਂਪਲਾ ਜੀ ਇਸ ਦੁਨੀਆ ਤੋਂ ਰੁਖਸਤ ਹੋ ਗਏ ਹਨ ਪਰ ਉਹਨਾਂ ਦੀਆਂ ਯਾਦਾਂ ਅਤੇ ਵਿਚਾਰ ਸਾਡੇ ਮਨਾਂ ਵਿੱਚ ਹਮੇਸ਼ਾ ਹੀ ਕਾਇਮ ਰਹਿਣਗੇ। ਮਾਨਯੋਗ ਭਗਤ ਰਾਮ ਸਾਂਪਲਾ ਜੀ ਇੱਕ ਸੱਚੇ -ਸੁੱਚੇ ਅੰਬੇਡਕਰੀ ਅਤੇ ਬੁੱਧ ਧੰਮ ਦੇ ਪਹਿਰੇਦਾਰ ਦੇ ਨਾਲ ਨਾਲ ਪ੍ਰਚਾਰਕ ਵੀ ਸਨ। ਉਨਾਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਅਤੇ ਬੁੱਧ ਧੰਮ ਬਾਰੇ ਅਨੇਕਾਂ ਕਿਤਾਬਾਂ ਲਿਖੀਆਂ, ਜਿਸ ਨੂੰ ਉਹਨਾਂ ਨੇ ਮੁਫ਼ਤ ਵਿੱਚ ਵੰਡੀਆਂ। ਸਾਰਾ ਖਰਚਾ ਆਪਣੇ ਕੋਲੋਂ ਕੀਤਾ। ਉਹਨਾਂ ਦਾ ਮਕਸਦ ਸੀ ਕਿ ਬਹੁਜਨ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਘਰ -ਘਰ ਤੱਕ ਪਹੁੰਚੇ ਤਾਂ ਹੀ ਸਾਰਥਿਕ ਸੋਚ ਉਤਪੰਨ ਹੋ ਕੇ ਲੋਕ ਆਪ ਮੁਹਾਰੇ ਬਾਬਾ ਸਾਹਿਬ ਅਤੇ ਬੁੱਧ ਧੰਮ ਨਾਲ ਜੁੜਨਗੇ।

**ਜਨਮ:** ਸਾਂਪਲਾ ਜੀ ਦਾ ਜਨਮ ਸਤਿਕਾਰਯੋਗ ਪਿਤਾ ਸ਼੍ਰੀ ਚਾਨਣ ਰਾਮ ਸਾਂਪਲਾ ਜੀ ਦੇ ਗ੍ਰਹਿ ਸੋਫੀ ਪਿੰਡ ਵਿਖੇ ਸਤਿਕਾਰਯੋਗ ਮਾਤਾ ਸ਼੍ਰੀਮਤੀ ਬਿਸ਼ਨੀ ਜੀ ਦੀ ਕੁੱਖੋਂ 04 ਦਸੰਬਰ 1937 ਨੂੰ ਹੋਇਆ। ਆਪ ਪੰਜ ਭਰਾ-ਹੰਸ ਰਾਜ ਸਾਂਪਲਾ, ਕਪੂਰ ਚੰਦ ਸਾਂਪਲਾ, ਬਲਰਾਮ ਸਾਂਪਲਾ ,ਰੂਪ ਲਾਲ ਸਾਂਪਲਾ ਅਤੇ ਭੈਣ ਬੰਸੋ ਹਨ। ਆਪ ਸਭ ਤੋਂ ਵੱਡੇ ਸਨ। ਉਨਾਂ ਦੀ ਭੈਣ ਬੰਸੋ ਦਾ ਵਿਆਹ ਬੁੱਧ ਰੀਤੀ ਅਨੁਸਾਰ ਕੀਤਾ ਗਿਆ ਸੀ। ਇਸ ਸਮਾਗਮ 'ਚ ਅੰਬੇਡਕਰੀ ਤੇ ਬੋਧੀ ਆਗੂ ਸ੍ਰੀ ਲਾਹੌਰੀ ਰਾਮ ਬਾਲੀ ਜੀ ਵੀ ਮੌਜੂਦ ਸਨ।

**ਸਾਦਗੀ ਵਾਲਾ ਜੀਵਨ:** ਸਾਂਪਲਾ ਜੀ ਦਾ ਜੀਵਨ ਸਾਦਗੀ, ਨਿਮਰਤਾ,ਮਿਲਣਸਾਰ, ਦ੍ਰਿੜ ਨਿਸ਼ਚੇ ਵਾਲਾ ਸੀ। ਆਪ ਅਗਾਂਹਵਧੂ ਅਤੇ ਸੁਚਾਰੂ ਸੋਚ ਰੱਖਣ ਵਾਲੇ, ਸੱਚ ਬੋਲਣ ਵਾਲੇ, ਇਕ ਮਿਸ਼ਨਰੀ ਲੇਖਕ ਸਨ। ਆਪ ਜੀ ਦੀ ਜੀਵਨ ਸਾਥਣ ਸ਼੍ਰੀਮਤੀ ਪ੍ਰਕਾਸ਼ੋ ਸਾਂਪਲਾ ਜੀ, ਜੋ ਇਕ ਵਧੀਆ ਸੁਭਾਅ ਦੇ ਮਾਲਕ ਅਤੇ ਆਪਣੇ ਪਤੀ ਨਾਲ ਅੰਬੇਡਕਰੀ ਅਤੇ ਬੁੱਧ ਧੰਮ ਦੇ ਮਿਸ਼ਨ ਤੇ ਪ੍ਰਚਾਰ ਲਈ ਮੋਢੇ ਨਾਲ ਮੋਢਾ ਲਾ ਕੇ ਹਮੇਸ਼ਾ ਖੜੇ ਰਹੇ। ਆਪ ਜੀ ਦੀ ਬੇਟੀ ਸੁਨੀਤਾ ਅਤੇ ਰਾਹੁਲ ਦੇਵ ਨੇ ਮਹਾਨ ਭਿਖਸ਼ੂ ਡਾ. ਹਮਲਵ ਸੱਧਾਤਿਸ ਮਹਾਂਥੇਰੋ ਅਤੇ ਮਹਾਨ ਸਾਧੂ ਸੰਤ ਬ੍ਰਹਮਦਾਸ ਜੀ ਦੀ ਪਾਵਨ ਯਾਦ ਵਿੱਚ "ਬੋਧ ਧੰਮ ਦੀਕਸ਼ਾ " ਟਰੈਕ ਛਪਵਾਇਆ।

**ਵਿਦੇਸ਼ ਜਾਣਾ :** ਸਾਂਪਲਾ ਜੀ 1963 ਵਿੱਚ ਇੰਗਲੈਂਡ ਚਲੇ ਗਏ। ਉੱਥੇ ਜਾ ਕੇ ਰੋਜ਼ੀ ਰੋਟੀ ਲਈ ਕਾਫੀ ਸੰਘਰਸ਼ ਕੀਤਾ ਅਤੇ ਆਪਣੇ ਸਾਰੇ ਪਰਿਵਾਰ ਨੂੰ ਵਿਦੇਸ਼ ਵਿੱਚ ਸੈਟ ਕੀਤਾ। ਅੱਜ ਕੱਲ੍ਹ ਆਪ ਜੀ ਦੇ ਸਾਰੇ ਭਰਾ ਵਿਦੇਸ਼ਾਂ ਵਿੱਚ ਸੈੱਟ ਹਨ। ਆਪ ਜੀ ਦੇ ਛੋਟੇ ਭਰਾ ਮਾਨਯੋਗ ਹੰਸ ਰਾਜ ਸਾਂਪਲਾ ਯੂਕੇ ਨੇ 14 ਅਪ੍ਰੈਲ 2025 ਨੂੰ ਡਾ. ਅੰਬੇਡਕਰ ਭਵਨ ਜਲੰਧਰ ਵਿਖੇ ਡਾ. ਅੰਬੇਡਕਰ ਜੈਅੰਤੀ ਸਮਾਗਮ 'ਤੇ ਮੁੱਖ ਮਹਿਮਾਨ ਸਨ ਅਤੇ ਉਨਾਂ ਨੇ ਡਾ. ਅੰਬੇਡਕਰ ਸਟੈਚੂ ਦਾ ਉਦਘਾਟਨ ਵੀ ਕੀਤਾ ਅਤੇ ਹੋਰ ਯੋਗਦਾਨ ਵੀ ਪਾਇਆ ਸੀ।

**ਪ੍ਰਸਿੱਧ ਪੁਸਤਕਾਂ:** ਇੰਗਲੈਂਡ ਵਿੱਚ ਰਹਿੰਦੇ ਹੋਏ ਸਾਂਪਲਾ ਜੀ ਨੇ 80 ਤੋਂ ਵੱਧ ਕਿਤਾਬਾਂ ਲਿਖੀਆ, ਜੋ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਭਾਸ਼ਾ 'ਚ ਬਾਬਾ ਸਾਹਿਬ ਬਾਰੇ ਅਤੇ ਬੁੱਧ ਧੰਮ ਬਾਰੇ ਲਿਖੀਆਂ। ਜਿਸ ਨੂੰ ਪੜ੍ਹ ਕੇ ਆਪ ਜੀ ਦੀ ਸੋਚ ਝਲਕਦੀ ਨਜ਼ਰ ਆਉਂਦੀ ਹੈ। ਜਿਨਾਂ ਪੁਸਤਕਾਂ ਵਿੱਚੋਂ- "ਵਿਦਰੋਹ ਦਾ ਚਿੰਨ੍ਹ- ਡਾ. ਅੰਬੇਡਕਰ" (ਆਪਣੇ ਪੂਜਨੀਕ ਪਿਤਾ ਸ੍ਰੀ ਚਾਨਣ ਰਾਮ ਸਾਂਪਲਾ ਨੂੰ ਸਮਰਪਿਤ ਕੀਤੀ ਹੈ), ਬਾਬਾ ਸਾਹਿਬ ਡਾਕਟਰ ਅੰਬੇਡਕਰ ਦਾ ਸੰਖੇਪ ਵਿੱਚ ਜੀਵਨ




ਚਰਿੱਤਰ, ਦੁਸ਼ਹਿਰਾ, ਭਗਵਾਨ ਬੁੱਧ ਦਾ ਅਮਰ ਸੰਦੇਸ਼ (ਹਿੰਦੀ), 14 ਅਪ੍ਰੈਲ (ਹਿੰਦੀ), ਬੋਧ ਧੰਮ ਦੀਕਸ਼ਾ (ਪੰਜਾਬੀ), ਮਹਾਂਬੋਧੀ ਮਹਾਂਵਿਹਾਰ (ਹਿੰਦੀ), ਦਾ ਬੁੱਧਾ (ਅੰਗਰੇਜ਼ੀ), ਭਾਰਤ ਕਾ ਪ੍ਰਕਾਸ਼- ਡਾ. ਅੰਬੇਡਕਰ (ਹਿੰਦੀ), ਅੰਬੇਡਕਰ ਮਹਾਨ- ਭਾਗ ਪਹਿਲਾ ਅਤੇ ਦੂਜਾ (ਹਿੰਦੀ) , ਭਾਰਤ ਕਾ ਸੂਰਜ-ਬਾਬਾ ਸਾਹਿਬ ਅੰਬੇਡਕਰ (ਹਿੰਦੀ), ਰੇਪ ਅਤੇ ਰੋਪ (ਹਿੰਦੀ), ਸ੍ਰੀਲੰਕਾ ਮੇਂ ਬੌਧ ਧਰਮ (ਹਿੰਦੀ), ਅੰਧੇਰੇ ਮੇਂ ਚਿਰਾਗ, ਬੌਧ ਗਯਾ ਵਿਹਾਰ (ਹਿੰਦੀ),ਬੁੱਧ ਧਰਮ ਹੀ ਆਸ਼ਾਜਨਕ ਧਰਮ ਹੈ (ਪੰਜਾਬੀ), Ambedkar maisha of the Downtrodden (Engilsh) ਆਦਿ ਪ੍ਰਸਿੱਧ ਪੁਸਤਕਾਂ ਹਨ। ਇਹਨਾਂ ਕਿਤਾਬਾਂ ਨੂੰ ਜਰੂਰ ਪੜੋ।

**ਪ੍ਰੀਤਮ ਪ੍ਰਕਾਸ਼ਨ :** ਆਪ ਜੀ ਦੀਆਂ ਸਾਰੀਆਂ ਕਿਤਾਬਾਂ ਪ੍ਰੀਤਮ ਪ੍ਰਕਾਸ਼ਨ, ਸੰਤ ਬ੍ਰਹਮ ਦਾਸ ਮਾਰਗ ,ਚਾਨਣ ਨਗਰ ਸੋਫੀ ਪਿੰਡ ਜਲੰਧਰ ਵੱਲੋਂ ਛਾਪੀਆਂ ਗਈਆਂ ਹਨ। ਆਪ ਜੀ ਨੇ ਪ੍ਰੀਤਮ ਪ੍ਰਕਾਸ਼ਨ ਦਾ ਨਾਮ "ਪ੍ਰੀਤਮ ਰਾਮਦਾਸਪੁਰੀ" ਮਿਸ਼ਨਰੀ ਪ੍ਰਸਿੱਧ ਲੇਖਕ ਤੇ ਕਵੀ ਦੇ ਨਾਂ 'ਤੇ ਰੱਖਿਆ ਹੈ ।

**ਪੰਜਾਬ 'ਚ ਪਹਿਲਾ ਬੁੱਧ ਧੰਮ ਦੀਕਸ਼ਾ ਪ੍ਰੋਗਰਾਮ:** ਪੰਜਾਬ ਦੀ ਧਰਤੀ 'ਤੇ ਪਹਿਲੀ ਵਾਰ ਬੁੱਧ ਧੰਮ ਦੀਕਸ਼ਾ ਪ੍ਰੋਗਰਾਮ 17 ਜੂਨ 1958 ਨੂੰ ਚੱਕ ਹਕੀਮ ਪਿੰਡ ਦੇ "ਦੇਹਰਾ ਗੁਰੂ ਰਵਿਦਾਸ ਮੰਦਰ " (ਫਗਵਾੜਾ ਦੇ ਨੇੜੇ ਹੋਇਆ) ਸੀ। ਸਿਆਸੀ ਆਗੂਆਂ ਨੇ ਇਸ ਪ੍ਰੋਗਰਾਮ ਨੂੰ ਰੋਕਣ ਲਈ ਕਈ ਹੱਥ ਕੰਡੇ ਅਪਣਾਏ ਸਨ। ਇਸ ਨੂੰ ਸਫਲ ਬਣਾਉਣ ਲਈ 16 ਜੂਨ ਨੂੰ ਦਾਦਾ ਸਾਹਿਬ ਗਾਇਕਵਾੜ ਭਾਸ਼ਣ ਦੇਣ ਆਏ ਸਨ। ਰਿਪਬਲਿਕਨ ਪਾਰਟੀ ਅਤੇ ਸਮਤਾ ਸੈਨਿਕ ਦਲ ਦੇ ਵਲੰਟੀਅਰਾਂ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਿਰੇ ਚੜ੍ਹਿਆ ਸੀ। ਭਿਕਸ਼ੂ ਗਲਗੇਦਰ ਪ੍ਰਗਿਆਨੰਦ, ਸੰਚਾਲਕ ਬੁੱਧ ਵਿਹਾਰ ਲਖਨਊ ਨੇ 5000 ਲੋਕਾਂ ਨੂੰ ਬੁੱਧ ਧਰਮ ਦੀ ਦੀਕਸ਼ਾ ਦਿੱਤੀ ਸੀ ਅਤੇ ਪੰਜਾਬ ਦੇ ਇਤਿਹਾਸ ਵਿੱਚ ਸਦੀਆਂ ਤੋਂ ਬਾਅਦ ਪਹਿਲਾ ਮੀਲ ਪੱਥਰ ਗੱਡ ਦਿੱਤਾ ਸੀ। ਮੇਰੀ (ਭਗਤ ਰਾਮ ਸਾਂਪਲਾ) ਧਰਮ ਪਤਨੀ ਸ਼੍ਰੀਮਤੀ ਪ੍ਰਕਾਸ਼ੋ ਸਾਂਪਲਾ ਜੀ ਸੰਨ 1996 'ਚ ਇੰਗਲੈਂਡ ਤੋਂ ਭਾਰਤ ਆਏ ਸਨ ,ਉਹਨਾਂ ਨੇ 23 ਮਾਰਚ 1996 ਨੂੰ ਭਿਖਸ਼ੂ ਪ੍ਰਗਿਆਨੰਦ ਨੂੰ ਲਖਨਊ ਤੋਂ ਸੋਫੀ ਪਿੰਡ ਸੱਦਿਆ ਸੀ। ਯਾਦ ਰਹੇ ਕਿ ਨਾਗਪੁਰ ਦੀ ਧਰਤੀ 'ਤੇ 14 ਅਕਤੂਬਰ 1956 ਨੂੰ ਜਦੋਂ ਬਾਬਾ ਸਾਹਿਬ ਜੀ ਨੇ ਲੱਖਾਂ ਪੈਰੋਕਾਰਾਂ ਨਾਲ "ਬੁੱਧ ਧੰਮ ਦੀਕਸ਼ਾ" ਲਈ ਸੀ ਤਾਂ ਉਸ ਸਮੇਂ ਉਪਰੋਤਕ ਭਿਕਸ਼ੂ ਪ੍ਰਗਿਆਨੰਦ (ਭਿਕਸ਼ੂ ਪੰਨਾਨੰਦ) ਮੰਚ 'ਤੇ ਸਨ।

**ਚਾਨਣ ਰਾਮ ਸਾਂਪਲਾ ਚੈਰੀਟੇਬਲ ਹਸਪਤਾਲ :** ਸਾਂਪਲਾ ਜੀ ਨੇ ਸਿਹਤ ਦੇ ਖੇਤਰ ਵਿੱਚ ਬਹੁਤ ਵੱਡਾ ਮੀਲ ਪੱਥਰ ਸਥਾਪਿਤ ਕੀਤਾ ਹੈ।ਆਪਣੇ ਮਾਪਿਆਂ ਦੀ ਯਾਦ 'ਚ ਹਸਪਤਾਲ ਖੋਲ੍ਹਿਆ। ਹਸਪਤਾਲ ਦੀ ਬਿਲਡਿੰਗ ਦੀ ਉਸਾਰੀ ਦਾ ਨੀਂਹ ਪੱਥਰ ਸਾਂਪਲਾ ਜੀ ਦੇ ਪਰਮ ਮਿੱਤਰ ਮਾਨਯੋਗ ਸੂਰਜ ਭਾਨ ਜੀ , ਹਿਮਾ-ਚਲ ਪ੍ਰਦੇਸ਼ ਦੇ ਗਵਰਨਰ ਸਾਹਿਬ ਦੇ ਕਰ ਕਮਲਾਂ ਨਾਲ ਕੀਤਾ ਗਿਆ। ਉਸ ਸਮੇਂ ਲੇਖਕ ਵੀ ਮੌਜੂਦ ਸੀ। ਜਦੋਂ ਬਿਲਡਿੰਗ ਬਣ ਕੇ ਤਿਆਰ ਹੋ ਗਈ ਤਾਂ ਉਸ ਦਾ ਉਦਘਾਟਨ ਮਿਤੀ 10 ਜੁਲਾਈ1999 ਨੂੰ ਮਾਨਯੋਗ ਸ੍ਰੀਮਤੀ ਪ੍ਰਕਾਸ਼ੋ ਸਾਂਪਲਾ(ਧਰਮ ਪਤਨੀ ਸ੍ਰੀ ਭਗਤ ਰਾਮ ਸਾਂਪਲਾ) ਜੀ ਨੇ ਕੀਤਾ। ਅੱਜ ਵੀ ਇਸ ਹਸਪਤਾਲ ਤੋਂ ਵਧੀਆ ਤੇ ਸਸਤੀਆਂ ਦਵਾਈਆਂ ਮਿਲਦੀਆਂ ਹਨ। ਡਾਕਟਰਾਂ ਦੁਆਰਾ ਮਰੀਜ਼ਾਂ ਦਾ ਵਧੀਆ ਟ੍ਰੀਟਮੈਂਟ ਕੀਤਾ ਜਾਂਦਾ ਹੈ । ਗਰੀਬਾਂ ਲਈ ਸਿਹਤ ਸਹੂਲਤਾਂ ਦੇ ਪੱਖ ਤੋਂ ਇਲਾਕੇ ਵਿੱਚ ਇਹ ਇੱਕ ਵਧੀਆ ਹਸਪਤਾਲ ਮੰਨਿਆ ਗਿਆ ਹੈ।

**ਸੱਧਾਤਿਸ ਬੁੱਧ ਵਿਹਾਰ ਦੀ ਸਥਾਪਨਾ:** ਸਾਂਪਲਾ ਜੀ ਨੇ "ਸੱਧਾਤਿਸ ਬੁੱਧ ਵਿਹਾਰ " ਚਾਨਣ ਨਗਰ ,ਸੋਫੀ ਪਿੰਡ ਵਿਖੇ ਬਣਾਇਆ। ਜਿਸ ਦਾ ਡਾ. ਸੂਰਜ ਭਾਨ, ਗਵਰਨਰ ਹਿਮਾਚਲ ਪ੍ਰਦੇਸ਼ ਜੀ ਦੀ ਧਰਮ ਪਤਨੀ ਸ਼੍ਰੀਮਤੀ ਚਮੇਲੀ ਦੇਵੀ ਨੇ 24 ਦਸੰਬਰ 2000 ਵਿੱਚ ਨੀਹ ਪੱਥਰ ਰੱਖਿਆ ਸੀ। ਭਿਖਸ਼ੂ ਡਾਕਟਰ ਹਮਲਵ ਸੱਧਾਤਿਸ ਮਹਾਂਥੇਰੋ ਉੱਚ ਕੋਟੀ ਦੇ ਰਿਸਰਚ , ਸਕਾਲਰ ਅਤੇ ਮਿਸ਼ਨਰੀ ਲਗਨ ਵਾਲੇ ਸਨ।ਡਾ. ਅੰਬੇਡਕਰ ਜੀ ਨੇ 15 ਅਕਤੂਬਰ 1956 ਨੂੰ ਨਾਗਪੁਰ 'ਚ ਸ਼ਾਮ ਹੋਟਲ ਵਿੱਚ ਸੰਬੋਧਿਨ ਕਰਦੇ ਹੋਏ ਕਿਹਾ ਸੀ ਕਿ " ਭਿਖਸ਼ੂਆਂ ਵਿੱਚੋਂ ਮੈਂ "ਸੱਧਾਤਿਸ " ਨੂੰ ਬਹੁਤ ਪਸੰਦ ਕਰਦਾ ਹਾਂ।" ਇੱਥੇ ਚੇਤੇ ਰੱਖਣਾ ਜਰੂਰੀ ਹੈ ਕਿ ਭਿਕਸ਼ੂ ਸੱਧਾਤਿਸ ਬਨਾਰਸ ਹਿੰਦੂ ਯੂਨੀਵਰਸਿਟੀ, ਲੰਡਨ ਯੂਨੀਵਰਸਿਟੀ, ਆਕਸਫੋਰਡ ਯੂਨੀਵਰਸਿਟੀ ਅਤੇ ਟੋਰਾਂਟੋ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਰਹੇ ਹਨ। ਉਹ ਲੰਡਨ ਬੁੱਧ ਵਿਹਾਰ ਦੇ ਪ੍ਰਧਾਨ ,ਬ੍ਰਿਟਿਸ਼ ਮਹਾਂਬੋਧੀ ਸੁਸਾਇਟੀ ਦੇ ਪ੍ਰਧਾਨ ਅਤੇ ਪੋਲੀਟੈਕਸਟਸ ਸੁਸਾਇਟੀ ਲੰਡਨ ਦੇ ਉਪ ਪ੍ਰਧਾਨ ਵੀ ਸਨ। ਬੁੱਧ ਧਰਮ ਦੀ ਤਵਾਰੀਖ ਵਿੱਚ ਪਹਿਲੀ ਵਾਰ ਏਸ਼ੀਆ ਤੋਂ ਬਾਹਰ ਕਿਸੇ ਭਿਕਸ਼ੂ ਨੂੰ "ਮਹਾਂਨਾਇਕ "ਦੀ ਉਪਾਧੀ ਨਾਲ ਸੰਬੋਧਿਨ ਕੀਤਾ ਗਿਆ, ਉਹ ਇਹੀ ਭਿਕਸ਼ੂ ਸੱਧਾਤਿਸ ਸਨ।

**ਕਲਾਕ ਟਾਵਰ ਦਾ ਉਦਘਾਟਨ :** ਹਾਥੀ ਗੇਟ ਦੇ ਨਾਲ ਬਣੇ ਕਲਾਕ ਟਾਵਰ (ਘੰਟਾ ਘਰ)ਦਾ ਨੀਹ ਪੱਥਰ ਭਿਕਸ਼ੂ ਪ੍ਰਗਿਆਨੰਦ ਜੀ ਨੇ 25 ਦਸੰਬਰ 1996 ਨੂੰ ਰੱਖਿਆ ਸੀ ਅਤੇ ਮਾਨਯੋਗ ਭਗਤ ਰਾਮ ਸਾਂਪਲਾ ਜੀ ਦੁਆਰਾ ਲਿਖੀ ਪੁਸਤਕ "ਬਰਤਾਨੀਆ ਮੇਂ ਬੁੱਧ ਧਰਮ" ਨੂੰ ਰਿਲੀਜ਼ ਕੀਤਾ ਸੀ। ਕਲਾਕ ਟਾਵਰ ਦਾ ਉਦਘਾਟਨ 01ਨਵੰਬਰ 1997 ਨੂੰ ਮਾਨਯੋਗ ਡਾ. ਸੂਰਜ ਭਾਨ ਡਿਪਟੀ ਸਪੀਕਰ ਲੋਕ ਸਭਾ ਵੱਲੋਂ ਕੀਤਾ ਗਿਆ। ਉਸ ਸਮੇਂ ਉਹਨਾਂ ਨਾਲ ਅਮਰੀਕ ਸਿੰਘ ਆਲੀਵਾਲ ਸੰਸਦ ਮੈਂਬਰ ਵੀ ਹਾਜ਼ਰ ਸਨ।

**ਪੰਜ ਭਿਖਸ਼ੂਆਂ ਨੂੰ ਪਹਿਲਾ ਉਪਦੇਸ਼:** ਸਾਂਪਲਾ ਜੀ ਨੇ ਆਪਣੀ ਪੁਸਤਕ 'ਬੋਧ ਧੰਮ ਦੀਕਸ਼ਾ' ਵਿੱਚ ਪੰਜ ਭਿਕਸ਼ੂਆਂ ਦਾ ਜ਼ਿਕਰ ਕੀਤਾ ਹੈ। ਤਥਾਗਤ ਬੁੱਧ ਨੇ ਸਾਰਨਾਥ ਵਿੱਚ ਪੰਜ ਭਿਖਸ਼ੂਆਂ-ਕੋਣਿਡਨਯ,ਵੱਪ, ਭਦਿਯ, ਮਹਾਨਾਮ ਅਤੇ ਅਸ਼ਵਜਿੱਤ ਨੂੰ ਪਹਿਲਾ ਉਪਦੇਸ਼ ਦੇ ਕੇ ਧੰਮ ਚੱਕਰ ਚਲਾਇਆ। ਸੇਠ ਕੁੱਲ ਪੁੱਤਰ ਯਸ਼ ਪਹਿਲੇ ਵਿਅਕਤੀ ਸਨ ,ਜਿਸ ਨੇ ਤ੍ਰੀਸ਼ਰਨ ਵਿੱਚ ਬੁੱਧ ਧਰਮ ਦੀ ਦੀਕਸ਼ਾ ਲਈ ਸੀ। ਤਥਾਗਤ ਬੁੱਧ ਨੇ ਕਿਹਾ ,"ਭਿਖਸ਼ੂਓ ! ਮੈਂ ਬੇੜੇ ਦੀ ਤਰ੍ਹਾਂ ਪਾਰ ਜਾਣ ਲਈ ਤੁਹਾਨੂੰ ਧਰਮ ਦਾ ਉਪਦੇਸ਼ ਦਿੱਤਾ ਹੈ , ਫੜ੍ਹ ਕੇ ਰੱਖਣ ਲਈ ਨਹੀਂ।" ਜੀਵਨ ਇੱਕ ਵੀਣਾ ਸਮਾਨ ਹੈ। ਇਸ ਦੀਆਂ ਤਾਰਾਂ ਇੰਨੀਆਂ ਨਾ ਕੱਸੋ ਕਿ ਉਹ ਟੁੱਟ ਜਾਣ ਅਤੇ ਨਾ ਹੀ ਇੰਨੀਆਂ ਢਿੱਲੀਆਂ ਛੱਡੋ ਕਿ ਸੁਰ ਹੀ ਨਾ ਪੈਦਾ ਹੋਵੇ ।ਬੁੱਧ ਦੇ ਇਸ ਕਥਨ ਦੇ ਆਧਾਰ 'ਤੇ ਬੁੱਧ ਧੰਮ ਅਰਥਾਤ ਗੌਤਮ ਬੁੱਧ ਦੀਆਂ ਸਿੱਖਿਆਵਾਂ ਨੂੰ "ਮੱਧਮ ਮਾਰਗ" ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸੋਫੀ ਪਿੰਡ ਦੇ ਯੋਧਿਆਂ ਵੱਲੋਂ ਭੁੱਖ ਹੜਤਾਲ : 25 ਜੂਨ 1964 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਲਾਲ ਬਹਾਦਰ ਸ਼ਾਸਤਰੀ ਦੀ ਕੋਠੀ ਸਾਹਮਣੇ ਆਰ.ਪੀ.ਆਈ. ਦੇ 51ਵਲੰਟੀਅਰਾਂ ਨੇ ਭੁੱਖ ਹੜਤਾਲ ਸ਼ੁਰੂ ਕੀਤੀ। ਸਾਂਪਲਾ ਜੀ ਨੇ ਆਪਣੀ ਪੁਸਤਕ "ਵਿਦਰੋਹ ਦੇ ਚਿੰਨ੍ਹ-ਡਾਕਟਰ ਅੰਬੇਡਕਰ " ਵਿੱਚ 51 ਵਲੰਟੀਅਰਾਂ ਦੇ ਨਾਵਾਂ ਦੀ ਸੂਚੀ ਦਿੱਤੀ ਗਈ ਹੈ। ਜਿਨਾਂ 'ਚ ਸੋਫੀ ਪਿੰਡ ਦੇ ਆਰ.ਪੀ.ਆਈ. ਦੇ ਯੋਧਿਆਂ ਵਿੱਚ-ਸ੍ਰੀ ਸੋਹਣ ਲਾਲ ਸਾਂਪਲਾ ਜੀ(ਹੁਣ ਜਰਮਨੀ ਵਿੱਚ),ਸ੍ਰੀ ਜੋਧ ਰਾਜ ਸਾਂਪਲਾ ਅਤੇ ਸ੍ਰੀ ਪ੍ਰਕਾਸ਼ ਚੰਦ ਸਾਂਪਲਾ ਆਦਿ ਦੇ ਨਾਂ ਦਰਜ ਹਨ। ਭੁੱਖ ਹੜਤਾਲ ਛੇ ਦਿਨਾਂ ਤੋਂ ਬਾਅਦ ਬੰਦ ਕਰ ਦਿੱਤੀ ਗਈ ਕਿਉਂਕਿ ਉਸ ਵੇਲੇ ਦੇ ਪੰਜਾਬ ਦੇ ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਨੇ ਆਰ.ਪੀ.ਆਈ. ਦੇ ਆਗੂਆਂ ਨੂੰ ਲਿਖਤੀ ਰੂਪ ਵਿੱਚ ਯਕੀਨ ਦਿਵਾਇਆ ਸੀ ਕਿ ਬੇਜ਼ਮੀਨੇ ਖੇਤ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਉੱਤੇ ਹਮਦਰਦੀ ਨਾਲ ਵਿਚਾਰ ਹੋਵੇਗਾ। ਦੂਸਰਾ ਮੋਰਚਾ ਛੇ ਦਸੰਬਰ 1964 ਨੂੰ ਲਾਇਆ ਗਿਆ। ਇਹ ਮੋਰਚਾ 67 ਦਿਨ ਤੱਕ ਚਾਲੂ ਰਿਹਾ। ਭੁੱਖ ਹੜਤਾਲ ,ਮਰਨ ਵਰਤ, ਜੇਲਾਂ ਵਿੱਚ ਵੀ ਜਾਣਾ ਪਿਆ। ਇਸ ਦੇਸ਼ ਵਿਆਪੀ ਮੋਰਚੇ ਵਿੱਚ 3 ਲੱਖ ਲੋਕ ਜੇਲ੍ਹ ਗਏ ਅਤੇ 14 ਸੱਤਿਆਗ੍ਰਹਿ ਸ਼ਹੀਦ ਹੋਏ ਸਨ।ਆਖਰ ਜਿੱਤ ਪ੍ਰਾਪਤ ਹੋਈ। ਇੱਥੇ ਇਹ ਦੱਸਣਾ ਜਰੂਰੀ ਹੈ ਕਿ ਸੋਫੀ ਪਿੰਡ ਦਾ ਅੰਬੇਡਕਰੀ ਮਿਸ਼ਨ ਅਤੇ ਬੁੱਧ ਧੰਮ ਮਿਸ਼ਨ ਲਈ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਰਹੇਗਾ।

**ਅੰਤ:** ਅੰਤ ਵਿੱਚ ਸੱਚਮੁੱਚ ਭਗਤ ਰਾਮ ਸਾਂਪਲਾ ਜੀ ਇੱਕ ਸੱਚੇ ਸੁੱਚੇ ਅੰਬੇਡਕਰੀ, ਬੁੱਧ ਧੰਮ ਦੇ ਅਸਲੀ ਪਹਿਰੇਦਾਰ ਸਨ। ਜਿਨ੍ਹਾਂ ਨੇ ਇੰਗਲੈਂਡ ਵਿੱਚ ਰਹਿੰਦਿਆਂ ਹੋਇਆ ਬੁੱਧ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਅਨੇਕਾਂ ਕਿਤਾਬਾਂ ਲਿਖੀਆਂ, ਪੁਸਤਕਾਂ ਲਿਖਦੇ ਸਮੇਂ ਕਈ ਆਰਥਿਕ ਮੁਸ਼ਕਲਾਂ ਨੂੰ ਆਪਣੇ ਪਿੰਡੇ 'ਤੇ ਹੰਡਾਇਆ ਹੋਵੇਗਾ। ਪਰ ਮਿਸ਼ਨ ਵਿੱਚ ਰਤੀ ਭਰ ਵੀ ਖੜੋਤ ਨਹੀਂ ਆਉਣ ਦਿੱਤੀ। ਭਾਵੇਂ ਉਸ ਲਈ ਉਹਨਾਂ ਨੂੰ ਕੋਈ ਵੀ ਕੁਰਬਾਨੀ ਕਰਨੀ ਪਈ। ਇੰਨੀਆਂ ਕਿਤਾਬਾਂ ਲਿਖਣੀਆਂ ਕੋਈ ਸੌਖਾ ਕੰਮ ਨਹੀਂ ਹੈ। ਸਮਾਂ, ਪੈਸਾ ਅਤੇ ਲਿਖਣ ਲਈ ਵਿਦਵਤਾ ਦੀ ਲੋੜ ਹੁੰਦੀ ਹੈ। ਮਾਨਯੋਗ ਸਾਂਪਲਾ ਜੀ ਸੱਚਮੁੱਚ ਇੱਕ ਵਿਦਵਾਨ ਸਨ। ਜਿਨਾਂ ਸਿਹਤ ਦੇ ਖੇਤਰ ਵਿੱਚ ਹਸਪਤਾਲ ਬਣਾਇਆ, ਬੁੱਧ ਵਿਹਾਰ ਬਣਾਇਆ। ਅਜਿਹੀ ਸ਼ਖਸ਼ੀਅਤ ਨੂੰ ਰਹਿੰਦੀ ਦੁਨੀਆਂ ਤੱਕ ਉਹਨਾਂ ਦੇ ਕਾਰਜਾਂ ਕਰਕੇ ਯਾਦ ਕੀਤਾ ਜਾਵੇਗਾ। ਮਾਨਯੋਗ ਭਗਤ ਰਾਮ ਸਾਂਪਲਾ ਜੀ ਨੂੰ ਡਾ. ਅੰਬੇਡਕਰ ਮਿਸ਼ਨ ਸੁਸਾਇਟੀ (ਰਜਿ) ਪੰਜਾਬ, ਬੁੱਧ ਵਿਹਾਰ ਟਰੱਸਟ ਸੋਫੀ ਪਿੰਡ, ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਤਕਸ਼ਿਲਾ ਮਹਾਂਬੁੱਧ ਵਿਹਾਰ ਲੁਧਿਆਣਾ, ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ ਜਲੰਧਰ ਆਦਿ ਵਿੱਚ ਮੋਨ ਵਰਤ ਰੱਖਿਆ ਗਿਆ ਅਤੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।



**-ਪ੍ਰਿੰਸੀਪਲ ਪਰਮਜੀਤ ਜੱਸਲ,**
**ਡਾ. ਅੰਬੇਡਕਰ ਸਕੂਲ ਬੁਲੰਦਪੁਰ,**
**ਜਲੰਧਰ -98721-80653**

# 'ਕਟਹਿਰਾ' ਦਾ ਛੇਵਾਂ ਅਡੀਸ਼ਨ ਲੋਕ ਅਰਪਣ, ਮਿੱਤਰ ਸੈਨ ਮੀਤ ਦੇ ਕਲਮੀ ਸੰਘਰਸ਼ ਨੂੰ ਸਿਰਜਣ ਧਾਰਾ ਦਾ ਸਲਾਮ

**ਲੁਧਿਆਣਾ (ਰਮੇਸ਼ਵਰ ਸਿੰਘ)** ਸਿਰਜਣ ਧਾਰਾ ਦੀ ਅੱਜ ਹੋਈ ਮੀਟਿੰਗ ਵਿੱਚ ਪੰਜਾਬੀ ਦੇ ਨਾਮਵਰ ਨਾਵਲਕਾਰ ਮਿੱਤਰ ਸੈਨ ਮੀਤ 'ਕਨੂੰਨੀ ਬਾਈ' ਦੇ ਚਰਚਿਤ ਨਾਵਲ 'ਕਟਹਿਰਾ' ਦਾ ਛੇਵਾਂ ਅਡੀਸ਼ਨ ਲੋਕ ਅਰਪਣ ਕੀਤਾ ਗਿਆ। ਪੰਜਾਬੀ ਗਲਪ 'ਚ ਲਗਾਤਾਰ ਛੇ ਅਡੀਸ਼ਨ ਛਪਣਾ ਨਾਵਲ ਦੀ ਲੋਕਪ੍ਰਿਯਤਾ ਤੇ ਸਾਰਥਕਤਾ ਦਾ ਵੱਡਾ ਸਬੂਤ ਹੈ।

ਸਾਹਿਤਕ ਪੈੜਾਂ: ਮਿੱਤਰ ਸੈਨ ਮੀਤ ਪੇਸ਼ੇ ਵਜੋਂ ਵਕੀਲ ਸਨ, ਇਸੇ ਕਰਕੇ ਪਾਠਕ ਉਨ੍ਹਾਂ ਨੂੰ ਪਿਆਰ ਨਾਲ 'ਕਨੂੰਨੀ ਬਾਈ' ਕਹਿੰਦੇ ਹਨ। ਕਚਹਿਰੀਆਂ ਦੀਆਂ ਪੌੜੀਆਂ, ਪੁਲਿਸ ਥਾਣੇ ਤੇ ਪੰਜਾਬ ਦੇ ਪਿੰਡਾਂ ਦੀ ਹਰ ਸਾਹ ਉਨ੍ਹਾਂ ਦੀ ਕਲਮ 'ਚੋਂ ਬੋਲਦੀ ਹੈ।











ਉਨ੍ਹਾਂ ਦੀ ਲਿਖਤ ਦੀ ਖ਼ਾਸੀਅਤ ਹੈ ਕਿ ਉਹ ਕਾਨੂੰਨੀ ਦਾਅ-ਪੇਚਾਂ ਨੂੰ ਆਮ ਬੰਦੇ ਦੀ ਜ਼ੁਬਾਨ 'ਚ ਬਿਆਨ ਕਰਦੇ ਹਨ। ਨਿਆਂ ਲਈ ਤਰੀਕਾਂ ਭੁਗਤਦਾ ਕਿਸਾਨ, ਸਿਸਟਮ ਹੱਥੋਂ ਲੁੱਟਿਆ ਮਜ਼ਲੂਮ ਤੇ ਸੱਤਾ ਦੇ ਗਲਿਆਰਿਆਂ ਦੀ ਸਾਜ਼ਿਸ਼ - ਇਹ ਉਨ੍ਹਾਂ ਦੇ ਨਾਵਲ ਦਾ ਕੇਂਦਰੀ ਸੁਰ ਹੈ।

'ਕਟਹਿਰਾ' ਦੀ ਗੂੰਜ: 'ਕਟਹਿਰਾ' ਸਿਰਫ਼ ਨਾਵਲ ਨਹੀਂ, ਪੰਜਾਬ ਦੇ ਕਚਹਿਰੀ-ਕਲਚਰ ਦਾ ਦਸਤਾਵੇਜ਼ ਹੈ। ਇਸ ਨੇ ਪਾਠਕਾਂ ਨੂੰ ਦੱਸਿਆ ਕਿ ਕਿਵੇਂ ਜ਼ਮੀਨੀ ਵਿਵਾਦ ਪੀੜ੍ਹੀਆਂ ਬਰਬਾਦ ਕਰ ਦਿੰਦੇ ਹਨ ਤੇ ਇਨਸਾਫ਼ ਤਰੀਕਾਂ 'ਚ ਉਲਝ ਕੇ ਰਹਿ ਜਾਂਦਾ ਹੈ। ਨਾਵਲ ਦਾ ਨਾਇਕ ਕਿਸੇ ਫ਼ਿਲਮੀ ਹੀਰੋ ਵਰਗਾ ਨਹੀਂ, ਸਗੋਂ ਸਾਡੇ ਆਲੇ-ਦੁਆਲੇ ਖੜ੍ਹਾ ਹਾਰਿਆ-ਥੱਕਿਆ ਆਮ ਇਨਸਾਨ ਹੈ। ਇਹੀ ਕਾਰਨ ਹੈ ਕਿ ਪਾਠਕ ਇਸ ਨਾਲ ਖ਼ੁਦ ਨੂੰ ਜੁੜਿਆ ਮਹਿਸੂਸ ਕਰਦੇ ਹਨ।

ਮੀਟਿੰਗ 'ਚ ਸਾਹਿਤਕਾਰਾਂ ਨੇ ਕਿਹਾ ਕਿ ਮਿੱਤਰ ਸੈਨ ਮੀਤ ਨੇ ਪੰਜਾਬੀ ਨਾਵਲ ਨੂੰ ਅਦਾਲਤ ਦੇ ਕਟਹਿਰੇ 'ਚ ਖੜ੍ਹਾ ਕਰਕੇ ਸੱਚ ਪੁੱਛਣ ਦਾ ਹੌਸਲਾ ਦਿੱਤਾ ਹੈ। ਉਨ੍ਹਾਂ ਦੀ ਕਲਮ ਸਮਾਜ ਦੇ ਉਨ੍ਹਾਂ ਪੱਖਾਂ ਨੂੰ ਫਰੋਲਦੀ ਹੈ ਜਿਨ੍ਹਾਂ 'ਤੇ ਆਮ ਤੌਰ 'ਤੇ ਪਰਦਾ ਪਿਆ ਰਹਿੰਦਾ ਹੈ। 'ਕਟਹਿਰਾ' ਦਾ ਛੇਵਾਂ ਅਡੀਸ਼ਨ ਇਹ ਦੱਸਦਾ ਹੈ ਕਿ ਪੰਜਾਬ ਅਜੇ ਵੀ ਸਵਾਲ ਪੁੱਛਣ ਵਾਲਾ ਸਾਹਿਤ ਪੜ੍ਹਨਾ ਚਾਹੁੰਦਾ ਹੈ।



ਸਮਾਜ ਵੀਕਲੀ ਨਿਊਜ਼

# ਪੰਜਾਬ ਦਾ ਬੋਧੀ ਇਤਿਹਾਸ: ਸਾਰ ਅਤੇ ਸਮੀਖਿਆ (ਭਾਗ-7)

## ਅਧਿਆਇ-4: ਸ਼ੂਦਰ ਸ਼ਕਤੀ ਦੇ ਪ੍ਰਤੀਕ ਨੰਦ ਰਾਜੇ

ਭਾਰਤ ਦੇ ਇਤਿਹਾਸ ਵਿਚ ਨੰਦ ਰਾਜਿਆਂ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ, ਜੋ ਮਿਲਦੀ ਵੀ ਹੈ, ਉਹ ਉਸਾਰੂ ਪੱਖ ਤੋਂ ਨਹੀਂ ਹੈ, ਸ਼ਾਇਦ ਇਸ ਦਾ ਕਾਰਨ ਇਹ ਹੈ ਕਿ ਉਹ ਸ਼ੂਦਰ ਸਨ ਜਿਨ੍ਹਾਂ ਦੇ ਰਾਜ ਨੂੰ ' ਚਾਣਕਿਆ ਅਤੇ ਚੰਦਰ ਗੁਪਤ ' ਨੇ ਆਪੋ ਆਪਣੇ ਮੁਫ਼ਾਦ ਲਈ ਖਤਮ ਕਰਕੇ ਹੀ ਸਾਹ ਲਿਆ ਕਿਉਂਕਿ ਚਾਣਕਿਆ ਦਾ ਕਹਿਣਾ ਹੈ ਕਿ," ਜਿਸ ਤਰ੍ਹਾਂ ਚੰਡਾਲਾਂ ਦਾ ਤਲਾਬ ਸਿਰਫ਼ ਉਨ੍ਹਾਂ ਦੇ ਵਰਤਣ ਲਈ ਹੀ ਹੁੰਦਾ ਹੈ , ਉਸੇ ਤਰ੍ਹਾਂ



ਹਰਮੇਸ਼ ਜੱਸਲ






ਲੇਖਕ ਨਾਲ ਜਾਣ-ਪਹਿਚਾਣ

ਸ਼੍ਰੀ ਹਰਮੇਸ਼ ਜੱਸਲ, ਸੰਸਥਾਪਕ ਮਲਿੰਦ ਪ੍ਰਕਾਸ਼ਨ (ਸੰਨ 2000), ਜੋ ਹੁਣ ਤੱਕ ਵੱਡੀਆਂ-ਛੋਟੀਆਂ 17 ਕਿਤਾਬਾਂ ਛਾਪ ਚੁੱਕੇ ਹਨ, ਇੱਕ ਬਹੁਪੱਖੀ ਸ਼ਖ਼ਸੀਅਤ ਹਨ। ਉਹ ਇੱਕ ਸਮਰਪਿਤ ਅੰਬੇਡਕਰੀ-ਬੋਧੀ, ਬੁੱਧੀਜੀਵੀ, ਲੇਖਕ, ਬੁਲਾਰੇ ਅਤੇ ਸਮਾਜ ਸੇਵਕ ਵਜੋਂ ਪ੍ਰਸਿੱਧ ਹਨ।

**ਸਿੱਖਿਆ :** ਉਨ੍ਹਾਂ ਦਾ ਜਨਮ, ਪਿਤਾ ਸ਼੍ਰੀ ਨਾਨਕ ਚੰਦ, ਮਾਤਾ ਸ਼੍ਰੀਮਤੀ ਕਰਤਾਰ ਕੌਰ ਦੇ ਘਰ 15 ਮਈ, 1955 ਨੂੰ ਬੂਟਾਂ ਮੰਡੀ (ਜਲੰਧਰ) ਵਿਖੇ ਹੋਇਆ। ਮੁੱਢਲੀ ਸਿੱਖਿਆ ਜੱਦੀ ਪਿੰਡ ਬਸ਼ੇਸ਼ਰਪੁਰ, ਮਿਡਲ ਲੱਲੀਆਂ ਕਲਾਂ, ਮੈਟ੍ਰਿਕ ਸਰਕਾਰੀ ਹਾਈ ਸਕੂਲ ਲਾਂਬੜਾ ਅਤੇ ਉਚੇਰੀ ਸਿੱਖਿਆ ਡੀ.ਏ.ਵੀ. ਕਾਲਜ ਜਲੰਧਰ ਤੋਂ ਉਪਰੰਤ ਐਮ.ਏ. ਰਾਜਨੀਤੀ ਸ਼ਾਸਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ। ਉਹ ਅਨੇਕਾਂ ਭਾਸ਼ਾਵਾਂ-ਪੰਜਾਬੀ, ਹਿੰਦੀ, ਅੰਗ੍ਰੇਜ਼ੀ, ਉਰਦੂ ਅਤੇ ਪਾਲੀ ਦੇ ਜਾਣਕਾਰ ਹਨ।

**ਸਾਹਿਤਕ ਕਾਰਜ :** ਜਿਉਂ ਹੀ ਉਨ੍ਹਾਂ ਨੇ 1974 ਵਿਚ ਅੰਬੇਡਕਰ ਮਿਸ਼ਨ ਦਾ ਪਾਠ ਪੜ੍ਹਿਆ, ਫੇਰ ਹੋਰ ਜਾਨਣ ਦੀ ਲਾਲਸਾ ਕਦੇ ਨਹੀਂ ਮਿਟੀ। ਉਨ੍ਹਾਂ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਕੇਂਦਰ-ਬਿੰਦੂ ਬਣਾ ਲਿਆ। ਰੋਜ਼ਾਨਾ ਅਖ਼ਬਾਰਾਂ ਵਿਚ ਲੇਖ ਲਿਖਣ, ਅਨੁਵਾਦ ਕਰਨ, ਪੁਸਤਕ ਰਚਣ ਤੇ ਪ੍ਰਕਾਸ਼ਨ ਦਾ ਸਾਹਿਤਕ ਕਾਰਜ ਕਈ ਦਹਾਕਿਆਂ ਤੋਂ ਕਰ ਰਹੇ ਹਨ।

**ਅੰਦੋਲਨਕਰਤਾ :** ਸਮਤਾ ਸੈਨਿਕ ਦਲ ਵਲੋਂ 4 ਅਪ੍ਰੈਲ ਤੋਂ 12 ਅਪ੍ਰੈਲ, 1982 ਤੱਕ, ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਦਿਨ 14 ਅਪ੍ਰੈਲ ਨੂੰ ਗਜ਼ਟਿਡ ਛੁੱਟੀ ਘੋਸ਼ਿਤ ਕਰਵਾਉਣ ਲਈ ਚੱਲੇ ਸੰਘਰਸ਼ 'ਚ ਸ਼੍ਰੀ ਬਿਹਾਰੀ ਲਾਲ 'ਖ਼ਾਰ' ਵਲੋਂ ਰੱਖੇ 'ਮਰਨ ਵਰਤ ਅੰਦੋਲਨ' ਦੀ ਰੂਪ ਰੇਖਾ ਉਲੀਕਣ ਤੇ ਚਲਾਉਣ ਵਿਚ ਕੇਂਦਰੀ ਰੋਲ ਅਦਾ ਕੀਤਾ।

**ਪੱਤਰਕਾਰਤਾ :** ਰਿਪਬਲਿਕਨ ਪਾਰਟੀ ਲਈ ਕੱਢੇ ਗਏ 'ਭੀਮ ਪੱਤ੍ਰਿਕਾ' ਪੰਜਾਬੀ ਦੇ ਪ੍ਰਬੰਧਕ (ਸੰਨ 1979 ਤੋਂ 1982) ਅਤੇ ਗ਼ਦਰੀ ਬਾਬਿਆਂ ਦੇ ਅਖ਼ਬਾਰ 'ਕਿਰਤੀ' ਨੂੰ (ਸੰਨ 1984 ਤੋਂ 1988) ਤੱਕ ਸੰਪਾਦਨ ਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

**ਸੰਸਥਾਗਤ ਕਾਰਜ :** ਉਹ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਸਥਾਪਕ, ਟਰੱਸਟੀ, ਮੁੱਢਲੇ ਮੈਂਬਰ ਅਤੇ ਸਹਿਯੋਗੀ ਰਹੇ ਹਨ : (1) ਟਰੱਸਟੀ-ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ, ਟਰੱਸਟੀ-ਬੁੱਧ ਵਿਹਾਰ ਸਿਧਾਰਥ ਨਗਰ, ਜਲੰਧਰ, ਟਰੱਸਟੀ-ਅੰਬੇਡਕਰ ਪੀਸ ਪਾਗੋਡਾ, ਨਜ਼ਦੀਕ ਫਿਲੌਰ, (2) ਮੈਂਬਰ—ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.), ਪੰਜਾਬ ਬੁੱਧਿਸਟ ਸੁਸਾਇਟੀ (ਰਜਿ.), ਸਮਤਾ ਸੈਨਿਕ ਦਲ, (3) ਸੰਸਥਾਪਕ : ਡਾ. ਅੰਬੇਡਕਰ ਵੀਕਰ ਸੈਕਸ਼ਨ ਵੈਲਫ਼ੇਅਰ ਸੁਸਾਇਟੀ ਅਤੇ ਦਲਿਤ ਲਿਖਾਰੀ ਸਭਾ।

**ਮਾਣ-ਸਨਮਾਣ :** ਸ਼੍ਰੀ ਹਰਮੇਸ਼ ਜੱਸਲ ਜੀ ਨੂੰ ਯੂ.ਕੇ. ਦੀ ਸੰਸਥਾ F.A.B.O. ਫ਼ੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨ ਵਲੋਂ ਸਾਲ 1993 ਵਿਚ ਮੁੰਬਈ ਦੇ ਮੇਅਰ ਸ਼੍ਰੀ ਚੰਦਰ ਕਾਂਤ ਹੰਡੋਰੇ ਜੀ ਨੇ ਜੋ ਹੁਣ ਰਾਜ ਸਭਾ ਮੈਂਬਰ ਹਨ, 'ਭੀਮ ਰਤਨ' ਦੀ ਉਪਾਧੀ ਨਾਲ ਸਨਮਾਨਿਤ ਕੀਤਾ।

-ਰਾਮ ਪਾਲ 'ਰਾਹੀ'
ਪ੍ਰਧਾਨ, ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜ਼ੇਸ਼ਨਜ਼ (ਯੂ.ਕੇ.)

ਮਲਿੰਦ ਪ੍ਰਕਾਸ਼ਨ ਜਲੰਧਰ

ਨੀਚ ਕੁਲ ਚੋਂ ਪੈਦਾ ਹੋਇਆ ਰਾਜਾ, ਨੀਚ ਲੋਕਾਂ ਨੂੰ ਸੁਰੱਖਿਆ ਦਿੰਦਾ ਹੈ, ਨਾ ਕਿ ਆਰੀਆਂ ਨੂੰ।"

ਭਾਵੇਂ ਨੰਦ ਰਾਜੇ ਆਪਣੇ ਸਮੇਂ ਦੇ ਧੰਨ ਅਤੇ ਸੈਨਿਕ ਸ਼ਕਤੀ ਪੱਖੋਂ ਕਾਫੀ ਸ਼ਕਤੀਸ਼ਾਲੀ ਸਨ ਤਾਂ ਵੀ ਉਨ੍ਹਾਂ ਦਾ ਤਖ਼ਤ ਪਲਟ ਜਾਣਾ ਹੈਰਾਨੀਜਨਕ ਹੈ ਜਿਸ ਪਿੱਛੇ ਚਾਣਕਿਆ ਦੀ ਨੀਤੀ ਅਤੇ ਚੰਦਰ ਗੁਪਤ ਦੀ ਸੈਨਿਕ ਸ਼ਕਤੀ ਹੋ ਸਕਦੀ ਹੈ ਕਿਉਂਕਿ ਚੰਦਰ ਗੁਪਤ ਨੇ ਆਪਣੀ ਸੈਨਾ ਦਾ ਗਠਨ ਪੰਜਾਬ ਚੋਂ ਹੀ ਕੀਤਾ ਸੀ ਜਿਸ ਨੂੰ ਜਸਟਿਸ ਨੇ ' ਡਾਕੂਆਂ ਦਾ ਗਿਰੋਹ ' ਕਿਹਾ ਸੀ ਅਤੇ ਚਾਣਕਿਆ ਨੇ ਆਪਣੇ ' ਅਰਥ ਸ਼ਾਸਤਰ ' ਵਿਚ ਲਿਖਿਆ ਹੈ ਕਿ," ਜੇਕਰ ਕੋਈ ਵਿਅਕਤੀ ਦੇਵਤਾ ਜਾਂ ਪਿੱਤਰਾਂ ਨੂੰ ਅਰਪਣ ਭੋਜਨ, ਕਿਸੇ ਬੋਧੀ ਜਾਂ ਅਜੀਵਕ ( ਜੈਨੀ) ਵਰਗੇ ਕੁਕਰਮੀ ਅਤੇ ਪਾਪੀ ਨੂੰ ਖੁਆਏਗਾ ਤਾਂ ਉਸਨੂੰ 100 ਪਣ ਜੁਰਮਾਨਾ ਕੀਤਾ ਜਾਵੇਗਾ।" ਲਗਦਾ ਹੈ ਕਿ ਨੰਦ ਰਾਜੇ ਇਸੇ ਦੋਹਰੀ ਸ਼ਾਜਿਸ ਦਾ ਸ਼ਿਕਾਰ ਹੋ ਗਏ। ਬੋਧੀ ਕਥਾਵਾਂ, ਬਰਮੀ ਬੋਧੀ ਕਥਾਵਾਂ ਅਤੇ 'ਮੁਦਰਾਕਸ਼ ' ਨਾਟਕ ਵਿਚ ਨੰਦ ਅਤੇ ਨਵਨੰਦ ਰਾਜਿਆਂ ਦੇ ਮਾਰੇ ਜਾਣ ਦਾ ਜ਼ਿਕਰ ਮਿਲਦਾ ਹੈ।

ਨੰਦ ਰਾਜਿਆਂ ਦੀ ਬੁੱਧ ਪ੍ਰਤੀ ਸ਼ਰਧਾ ਦੇ ਕਈ ਹਵਾਲੇ ਮਿਲਦੇ ਹਨ, ਨਾਲ ਹੀ ਸਿਕੰਦਰੀਆ ਦੇ ਕਲੀਮੈਂਸ ਨੇ ਉਨ੍ਹਾਂ ਤੱਤਵ ਗਿਆਨੀਆਂ ਦਾ ਉਲੇਖ ਕੀਤਾ ਹੈ ਜੋ ਬੁੱਧ ( ਭੁੱਟਟਓ) ਦੇ ਉਪਦੇਸ਼ਾਂ ਦਾ ਪਾਲਣ ਕਰਦੇ ਸਨ।

## ਪਿੰਡ ਬਣਾਂ ਵਿਖੇ 21ਵਾਂ ਸਾਲਾਨਾ ਭੰਡਾਰਾ, ਸੱਭਿਆਚਾਰਕ ਮੇਲਾ ਅਤੇ ਵਿਸ਼ਾਲ ਕੁਸ਼ਤੀ ਦੰਗਲ ਕਰਵਾਇਆ; ਜਿਤਨ ਚੰਡੀਗੜ੍ਹ ਰਹੇ ਜੇਤੂ

**ਬਲਾਚੌਰ 31 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਬਣਾਂ ਤਹਿਸੀਲ ਬਲਾਚੌਰ ਵਿਖੇ ਲੱਖਦਾਤਾ ਪੀਰ ਦਰਗਾਹ ਮੈਨੇਜਮੈਂਟ ਵੇਲਫੇਅਰ ਕਮੇਟੀ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 21ਵਾਂ ਸਾਲ-ਾਨਾ ਭੰਡਾਰਾ,ਧਾਰਮਿਕ-ਸੱਭਿਆਚਾਰਕ ਮੇਲਾ ਅਤੇ ਵਿਸ਼ਾਲ ਕੁਸ਼ਤੀ ਦੰਗਲ ਬੜੀ ਸ਼ਰਧਾ ਤੇ ਧੂਮਧਾਮ ਨਾਲ ਕਰਵਾਇਆ ਗਿਆ।ਇਸ ਮੌਕੇ ਸਵੇਰ ਤੋਂ ਹੀ ਦਰਗਾਹ 'ਤੇ ਨਤਮਸਤਕ ਹੋਣ ਲਈ ਸੰਗਤਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਸਵੇਰੇ 11 ਵਜੇ ਪੂਰਨ ਸ਼ਰਧਾ ਭਾਵਨਾ ਨਾਲ 'ਚਾਦਰ ਦੀ ਰਸਮ' ਅਦਾ ਕੀਤੀ ਗਈ, ਜਿਸ



ਤੋਂ ਬਾਅਦ ਪੀਰਾਂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸ਼ਾਮ 7 ਵਜੇ ਤੋਂ ਦੇਰ ਰਾਤ ਤੱਕ ਚੱਲੇ ਸੱਭਿਆਚਾਰਕ ਮੇਲੇ ਦੌਰਾਨ ਪ੍ਰਸਿੱਧ ਕਲਾਕਾਰ ਮਦਨ ਸ਼ੌਂਕੀ, ਓਮਿੰਦਰ ਓਮਾ ਅਤੇ ਰਤਨ ਲਾਲ ਨੇ ਆਪਣੇ ਚਰਚਿਤ ਗੀਤਾਂ ਰਾਹੀਂ ਆਈਆਂ ਸੰਗਤਾਂ ਅਤੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ ਅਤੇ ਮੇਲੇ ਦੀ ਰੌਣਕ ਵਧਾਈ। ਮੇਲੇ ਦਾ ਮੁੱਖ ਆਕਰਸ਼ਣ ਇੱਥੇ ਕਰਵਾਇਆ ਗਿਆ ਵਿਸ਼ਾਲ ਕੁਸ਼ਤੀ ਦੰਗਲ ਰਿਹਾ, ਜਿਸ



ਵਿੱਚ ਦੂਰ-ਦੁਰਾਡੇ ਤੋਂ ਆਏ ਨਾਮਵਰ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾਏ। ਕੁਸ਼ਤੀ ਦੇ ਫਸਵੇਂ ਮੁਕਾਬਲਿਆਂ ਦੌਰਾਨ ਜਿਤਨ ਚੰਡੀਗੜ੍ਹ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਡੀ ਜਿੱਤ ਹਾਸਲ ਕੀਤੀ ਅਤੇ ਕੁਸ਼ਤੀ ਦੰਗਲ ਦੇ ਜੇਤੂ ਬਣੇ। ਜੇਤੂ ਪਹਿਲਵਾਨਾਂ ਨੂੰ ਪ੍ਰਬੰਧਕੀ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਸਮਾਗਮ ਨੂੰ ਸਫਲ ਬਣਾਉਣ ਵਿੱਚ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਪਵਨ ਕੁਮਾਰ ਕਸਾਣਾ, ਸੈਕਟਰੀ ਸਤਪਾਲ ਕਸਾਣਾ, ਕੈਸ਼ੀਅਰ ਰਾਮਪਾਲ ਕਸਾਣਾ, ਮੈਂਬਰ ਹਰੀਸ਼ ਕੁਮਾਰ ਪੰਚ, ਦਲਵਿੰਦਰ ਕੁਮਾਰ, ਕ੍ਰਿਸ਼ਨ ਰਾਮ ਸੇਵਾਮੁਕਤ ਇੰਸਪੈਕਟਰ, ਤੇਲੂ ਰਾਮ, ਜੀਤ ਰਾਮ ਭਗਤ, ਰਾਮ ਪਾਲ ਚੇਚੀ, ਹਰਮੇਸ਼ ਚੇਚੀ, ਸਰਪੰਚ ਸਰਬਜੀਤ ਕਸਾਣਾ, ਕਿਸ਼ਨ ਕੁਮਾਰ ਸਾਬਕਾ ਸਰਪੰਚ ਟਨਸਾ, ਸ਼੍ਰੀ ਰਾਮ ਟੌਸਾ, ਸ਼ਹਿਦ ਟੌਸਾ ਅਤੇ ਬੰਟੇਟ ਕ੍ਰਸ਼ਨ ਟੌਸਾ ਸਮੇਤ ਸਮੂਹ ਨਗਰ ਨਿਵਾਸੀਆਂ ਨੇ ਸ਼ਲਾਘਾਯੋਗ ਯੋਗਦਾਨ ਪਾਇਆ।

# ਥੱਕਿਆਂ ਦੇ ਹਾਰੇ ਹੋਏ ਪ੍ਰਾਹੁਣੇ

ਸੁਖਬੀਰ ਤੇ ਸੁਖਜੀਤ ਦੋਵੇਂ ਦਰਾਣੀ ਜਠਾਣੀ ਕੰਮ ਕਾਰ ਕਰਕੇ ਸ਼ਾਮ ਨੂੰ ਤਿੰਨ ਕੁ ਵਜੇ ਵਿਹਲੀਆਂ ਹੋਈਆਂ ਤਾਂ ਚਾਹ ਪੀ ਕੇ ਬੈਠੀਆਂ ਘਰ ਦੀਆਂ ਗੱਲਾਂ ਕਰਦੀਆਂ ਸਨ। ਸੁਖਬੀਰ ਦਾ ਮੁੰਡਾ ਜੋ ਤਿੰਨ ਕੁ ਸਾਲ ਦਾ ਸੀ ਕੱਚੀ ਨੀਂਦੇ ਉੱਠੇ ਜਵਾਕ ਵਾਂਗੂੰ ਰੀਂ ਰੀਂ ਕਰੀ ਜਾਂਦਾ ਸੀ। ਉਸ ਨੇ ਉਸ ਨੂੰ ਥਾਪੜ ਕੇ ਬਥੇਰਾ ਸਵਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਜ਼ਿੱਦ ਪਿਆ ਹੋਇਆ ਸੀ। ਸੁਖਬੀਰ ਨੂੰ ਉਸ ਦੀ ਜਠਾਣੀ ਆਖਣ ਲੱਗੀ," ਚੱਲ ਨੀ..... ਆਪਾਂ ਮੋਟਰ ਤੇ ਈ ਚੱਕਰ ਲਾ ਆਉਂਦੀਆਂ..... ਨਾਲ਼ੇ ਕੋਈ ਸਬਜ਼ੀ ਤੋੜ ਲਿਆਵਾਂਗੀਆਂ....ਨਾਲ਼ੇ ਧਨੀਆ ਵੀ ਲੈ ਆਵਾਂਗੀਆਂ..... ਇਹ ਤਾਂ ਸਵੇਰੇ ਈ ਕਹਿੰਦੇ ਸੀ ਮੋਟਰ ਤੇ ਧਨੀਆ ਬਹੁਤ ਫ਼ੈਲਿਆ ਹੋਇਆ....ਰੋਟੀ ਬਣਾਉਣ 'ਚ ਹਜੇ ਦੋ ਘੰਟੇ ਪਏ ਨੇ.....।" ਦੋਵੇਂ ਜਾਣੀਆਂ ਮੁੰਡੇ ਨੂੰ ਗੋਦੀ ਚੁੱਕ ਕੇ ਮੋਟਰ ਵੱਲ ਨੂੰ ਤੁਰ ਪਈਆਂ। ਮੋਟਰ ਤੇ ਜਾਣ ਲਈ ਸਾਰਾ ਪਿੰਡ ਲੰਘ ਕੇ ਜਾਣਾ ਪੈਂਦਾ ਸੀ। ਪਿੰਡ ਦੇ ਦੂਜੇ ਪਾਸੇ ਵੱਲ ਦੀ ਵੀ ਉਹਨਾਂ ਦੇ ਖੇਤ ਡੇਢ਼ ਕਿਲੋਮੀਟਰ ਦੂਰ ਸਨ। ਜਾਂਦੀਆਂ ਹੋਈਆਂ ਉਹ ਹੌਲ਼ੀ ਹੌਲ਼ੀ ਤੁਰੀਆਂ ਗਈਆਂ। ਸੈਰ ਕਰਦੀਆਂ ਕਰਦੀਆਂ ਉਹ ਮੋਟਰ ਤੇ ਪਹੁੰਚ ਗਈਆਂ ਤੇ ਪਹੁੰਚ ਕੇ ਪਹਿਲਾਂ ਮੋਟਰ ਤੋਂ ਰੱਜ ਕੇ ਤਾਜਾ ਪਾਣੀ ਪੀਤਾ ਕਿਉਂਕਿ ਉਨ੍ਹਾਂ ਨੂੰ ਤੁਰੀਆਂ ਜਾਂਦੀਆਂ ਨੂੰ ਪਿਆਸ ਲੱਗ ਗਈ ਸੀ। ਉੱਥੇ ਉਹਨਾਂ ਨੇ ਕਾਮੇ ਤੋਂ ਧਨੀਆ ਤੁੜਵਾਇਆ, ਆਪ ਘੁੰਮੀਆਂ ਫਿਰੀਆਂ ਤੇ ਕੁਝ ਸਬਜ਼ੀਆਂ ਤੋੜੀਆਂ ਤੇ ਘੰਟੇ ਕੁ ਬਾਅਦ ਉਹ ਵਾਪਸ ਘਰ ਲਈ ਤੁਰ ਪਈਆਂ। ਹੁਣ ਉਹਨਾਂ ਕੋਲ ਸਬਜ਼ੀ ਵਾਲ਼ਾ ਝੋਲ਼ਾ ਵੀ ਇੱਕ ਨਗ ਹੋਰ ਵਧ ਗਿਆ ਸੀ।

ਉਹ ਵਾਪਸੀ ਤੇ ਮੁੰਡੇ ਨੂੰ ਥੋੜ੍ਹਾ ਜਿਹਾ ਤੁਰਨ ਨੂੰ ਆਖਣ ਪਰ ਉਹ ਤਾਂ ਅੜ ਹੀ ਗਿਆ ਕਿ ਉਹ ਤਾਂ ਗੋਦੀ ਚੜ੍ਹ ਕੇ ਈ ਜਾਵੇਗਾ। ਵਾਰੀ ਵਾਰੀ




" ਮਾਸੀ ਜੀ ਮੈਂ ਤਾਂ ਛਿੰਦੋ ਦੇ ਪਿੰਡੋਂ ਈ ਨਿਆਈਂ ਵਾਲ਼ੇ ਪਾਸਿਓਂ ਸੁਖਜੀਤ ਆਂ..... ।"
"ਉਹ ਆਪ ਪੇਕਿਆਂ ਨੂੰ ਤੁਰਗੀ..... ਸਾਰੇ ਕੰਮਾਂ ਦੀ ਜ਼ਿੰਮੇਵਾਰੀ ਮੇਰੇ ਸਿਰ ਪੈ ਗਈ..... ਆਪ ਈ ਰੁੱਗ ਪਾਉਂਦੀ ਆਂ..... ਆਪ ਈ ਪੱਠੇ ਕੁਤਰਦੀ ਆਂ..... ਦੱਸੋ ਕੁੜੇ ਕੋਈ ਕੰਮ ਸੀ..... ਮੈਂ ਓਹਨੂੰ ਦੱਸ ਦਊਂਗੀ.....।"
"ਨਹੀਂ ਮਾਸੀ ਜੀ.... ਮੈਂ ਤਾਂ ਐਧਰੋਂ ਲੰਘੀ ਜਾਂਦੀ ਸੀ.... ਸੋਚਿਆ ਓਹਦਾ ਪਤਾ ਈ ਲੈ ਜਾਂ.... ਚੰਗਾ ਮਾਸੀ ਜੀ ਅਸੀਂ ਚੱਲਦੀਆਂ....!"

ਮੁੰਡੇ ਨੂੰ ਚੁੱਕ ਕੇ ਤੇ ਸਬਜ਼ੀ ਦੇ ਭਰੇ ਹੋਏ ਥੈਲੇ ਨੂੰ ਚੁੱਕ ਚੁੱਕ ਕੇ ਉਹਨਾਂ ਦੀਆਂ ਬਾਹਾਂ ਆਕੜ ਗਈਆਂ ਸਨ ਤੇ ਪਿਆਸ ਲੱਗ ਗਈ। ਸੁਖਜੀਤ ਆਖਣ ਲੱਗੀ ," ਬੱਸ ਆਹ ਚਾਰ ਕ ਫਰਲਾਂਗ ਹੋਰ ਆ.... ਪਿੰਡ ਦੇ ਬਾਹਰਵਾਰ ਸੂਏ ਤੇ ਮਿੰਦੀ ਚਾਚੀ ਦਾ ਘਰ ਆ.... ਨਾਲ਼ੇ ਉਹਨੂੰ ਮਿਲ਼ ਜਾਵਾਂਗੀਆਂ..... ਤੇ ਨਾਲ਼ੇ ਚਾਹ ਪਾਣੀ ਪੀ ਜਾਵਾਂਗੀਆਂ....!" ਉਹ ਗੱਲਾਂ ਬਾਤਾਂ ਕਰਦੀਆਂ ਹੌਲ਼ੀ ਹੌਲ਼ੀ ਮਿੰਦੀ ਚਾਚੀ ਦੇ ਘਰ ਤੱਕ ਵੀ ਪਹੁੰਚ ਗਈਆਂ। ਸੁਖਜੀਤ ਨੇ ਖੁੱਲ੍ਹੇ ਗੇਟ ਵਿੱਚ ਖੜ੍ਹ ਕੇ ਬਾਹਰੋਂ ਈ ਹਾਕ ਮਾਰੀ," ਚਾਚੀ...... ਘਰੇ ਈ ਆਂ....!" ਉਸ ਦੀ ਸਾਹਮਣੇ ਈ ਮੱਝਾਂ ਵਾਲੇ ਪਾਸਿਉਂ ਅਵਾਜ਼ ਆਈ," ਆਜੋ ਭਾਈ ਕੌਣ ਆਂ.... ਮੈਂ ਘਰੇ ਈ ਆਂ..... ਮੈਂ ਧਾਰਾਂ ਚੋਂਦੀ ਆਂ ....!"

" ਮੈਂ ਸੁਖਜੀਤ ਆਂ...... ਮੋਟਰ ਤੋਂ ਆਉਂਦੀਆਂ ਸੀ.... ਸੋਚਿਆ ਚਾਚੀ ਨੂੰ ਈ ਮਿਲ਼ ਚੱਲੀਏ....!"

"ਆਜੋ ਬਹਿ ਜੋ.... ਵਿਹੜੇ 'ਚ ਮੰਜਾ ਡਾਹ ਕੇ.... ਮੈਂ ਧਾਰਾਂ ਦਾ ਕੰਮ ਨਿਬੇੜ ਕੇ ਆਉਂਦੀ ਆਂ..... ਦੋਧੀ ਜਲਦੀ ਆ ਜਾਂਦਾ.... ਉਹਨੇ ਸ਼ਹਿਰ ਨੂੰ ਮੁੜਨਾ ਹੁੰਦਾ.... ਮੈਨੂੰ ਲੱਗਜੂ ਅੱਧਾ ਪੌਣਾ ਘੰਟਾ....।"

"ਚਾਚੀ..... ਫੇਰ ਕਿਸੇ ਦਿਨ ਸਹੀ..... ਹੁਣ ਤਾਂ ਸਾਨੂੰ ਵੀ ਕਾਹਲੀ ਆ....!"

(ਦੋਵੇਂ ਦਰਾਣੀ ਜਠਾਣੀ ਇੱਕ ਦੂਜੇ ਵੱਲ ਵੇਖਦੀਆਂ ਹਨ ਤੇ ਉੱਥੋਂ ਨਿਕਲਣ ਦੀ ਕਰਦੀਆਂ ਹਨ)

"ਚੱਲ ਨੀ ਸੁਖਜੀਤ..... ਔਹ ਦੇਖ਼ ਪਿੰਡ ਚ ਵੜਦਿਆਂ ਈ ਪਹਿਲੇ ਘਰ ਵਾਲਿਆਂ ਦੇ ਮੇਰੇ ਪੇਕਿਆਂ ਦੀ ਕੁੜੀ ਛਿੰਦੋ ਵਿਆਹੀ ਹੋਈ ਆ.... ਆਪਾਂ ਦੋ ਘੜੀ ਓਹਦੇ ਕੋਲ ਬੈਠ ਕੇ ਅਰਾਮ ਕਰਦੀਆਂ.... ਨਾਲ਼ੇ ਮੇਰੇ ਪੇਕਿਆਂ ਦੇ ਪਿੰਡ ਦੀ ਕੋਈ ਖ਼ਬਰਸਾਰ ਪਤਾ ਲੱਗ ਜਾਊ.....।"

ਸੁਖਜੀਤ ਨੇ ਛਿੰਦੋ ਦੇ ਘਰ ਤੱਕ ਪਹੁੰਚ ਕੇ ਹਾਕ ਮਾਰੀ,"ਛਿੰਦੋ.... ਘਰੇ ਈ ਆਂ....?"

" ਛਿੰਦੋ ਘਰੇ ਨੀ..... ਤੁਸੀਂ ਕੌਣ ਓ....?" ਛਿੰਦੋ ਦੀ ਸੱਸ ਨੇ ਸਾਹਮਣੇ ਕੱਚੇ ਵਿਹੜੇ ਦੇ ਇੱਕ ਪਾਸੇ ਟੋਕੇ ਵਾਲ਼ੀ ਮਸ਼ੀਨ ਕੋਲੋਂ ਈ ਕਿਹਾ।

" ਮਾਸੀ ਜੀ ਮੈਂ ਤਾਂ ਛਿੰਦੋ ਦੇ ਪਿੰਡੋਂ ਈ ਨਿਆਈਂ ਵਾਲ਼ੇ ਪਾਸਿਓਂ ਸੁਖਜੀਤ ਆਂ..... ।"

"ਉਹ ਆਪ ਪੇਕਿਆਂ ਨੂੰ ਤੁਰਗੀ..... ਸਾਰੇ ਕੰਮਾਂ ਦੀ ਜ਼ਿੰਮੇਵਾਰੀ ਮੇਰੇ ਸਿਰ ਪੈ ਗਈ..... ਆਪ ਈ ਰੁੱਗ ਪਾਉਂਦੀ ਆਂ..... ਆਪ ਈ ਪੱਠੇ ਕੁਤਰਦੀ ਆਂ..... ਦੱਸੋ ਕੁੜੇ ਕੋਈ ਕੰਮ ਸੀ..... ਮੈਂ ਓਹਨੂੰ ਦੱਸ ਦਊਂਗੀ.....।"

"ਨਹੀਂ ਮਾਸੀ ਜੀ.... ਮੈਂ ਤਾਂ ਐਧਰੋਂ ਲੰਘੀ ਜਾਂਦੀ ਸੀ.... ਸੋਚਿਆ ਓਹਦਾ ਪਤਾ ਈ ਲੈ ਜਾਂ.... ਚੰਗਾ ਮਾਸੀ ਜੀ ਅਸੀਂ ਚੱਲਦੀਆਂ....!"

"ਚੰਗਾ ਭਾਈ....!" ਛਿੰਦੋ ਦੀ ਸੱਸ ਨੇ ਬਿਨਾਂ ਦੇਖੇ ਈ ਉਸ ਦੀ ਗੱਲ ਦਾ ਜਵਾਬ ਦਿੱਤਾ । ਓਹ ਪਿਆਸੀਆਂ ਥੱਕੀਆਂ ਹਾਰੀਆਂ ਅਗਾਂਹ ਤੁਰੀਆਂ ਤਾਂ ਅਗਲੇ ਮੋੜ ਤੇ ਘਰਾਂ ਵਿੱਚੋਂ ਈ ਲੱਗਦੀ ਤਾਈ ਦੇ ਘਰ ਮੂਹਰੇ ਖੜ੍ਹਕੇ ਤਾਈ ਨੂੰ ਹਾਕ ਮਾਰੀ ਤਾਂ ਅੰਦਰੋ ਕਿਸੇ ਬੰਦੇ ਦੀ ਅਵਾਜ਼ ਆਈ,".... ਭਾਈ..... ਉਹ ਤਾਂ ਘਰੇ ਨੀ.... ਤੁਸੀਂ ਕੌਣ ਓ ਬੀਬਾ ਜੀ....?"(ਹੌਲ਼ੀ ਹੌਲ਼ੀ ਸੋਟੀ ਦੇ ਸਹਾਰੇ ਤੁਰੇ ਆਉਂਦੇ ਤਾਏ ਨੇ ਕਿਹਾ)

".... ਤਾਇਆ ਜੀ..... ਮੈਂ ਵੀਰੇ ਦੇ ਘਰੋਂ.....!"

"ਅੱਛਾ.... ਅੱਛਾ...... ਓਹ ਤਾਂ ਭਾਈ ਤੁਹਾਡੇ ਵਾਲ਼ੇ ਪਾਸੇ ਈ ਕਿਸੇ ਦੇ ਮੁੰਡਾ ਹੋਇਆ..... ਓਹਨੂੰ ਸ਼ਗਨ ਦੇਣ ਗਈ ਸੀ..... ਓਹ ਤਾਂ ਕਹਿੰਦੀ ਸੀ ਤੁਹਾਨੂੰ ਵੀ ਮਿਲਕੇ ਆਊਗੀ.....!" ਤਾਇਆ ਬੋਲਿਆ।

"ਅੱਛਾ ਤਾਇਆ ਜੀ.....ਚੰਗਾ ਫੇਰ ਅਸੀਂ ਚੱਲਦੀਆਂ...!" ਕਹਿ ਕੇ ਤੁਰ ਪਈਆਂ ਕਿ ਹੁਣ ਤਾਂ ਸਿੱਧਾ ਘਰੇ ਜਾ ਕੇ ਈ ਸਾਹ ਲੈਣਗੀਆਂ.....।

ਜਿਵੇਂ ਈ ਉਹ ਘਰ ਮੂਹਰੇ ਪਹੁੰਚੀਆਂ ਤਾਂ ਉੱਥੇ ਤਾਈ ਖੜ੍ਹੀ ਉਹਨਾਂ ਦਾ ਇੰਤਜ਼ਾਰ ਕਰ ਰਹੀ ਸੀ ਆਖਣ ਲੱਗੀ," ਆਜੋ ਨੀ ਕੁੜੀਓ..... ਮੈਂ ਤਾਂ ਕਦੋਂ ਦੀ ਉਡੀਕਦੀਆਂ ਖੜ੍ਹੀ..... ਸੋਚਿਆ...... ਅੱਜ ਬਹੂਆਂ ਦੇ ਹੱਥ ਦੀ ਬਣੀ ਘੁੱਟ ਚਾਹ ਪੀ ਕੇ ਈ ਜਾਊਂ.....!"

ਸੁਖਜੀਤ ਤੇ ਸੁਖਬੀਰ ਸਾਹੋ ਸਾਹ ਹੋਈਆਂ ਇੱਕ ਦੂਜੇ ਵੱਲ ਵੇਖ ਕੇ ਹੱਸਦੀਆਂ ਹਨ ਤੇ ਜਿਵੇਂ ਬਿਨਾਂ ਬੋਲੇ ਹੀ ਇੱਕ ਦੂਜੇ ਨੂੰ ਕਹਿ ਰਹੀਆਂ ਹੋਣ," ਲੈ ਨੀ..... ਆ ਗਏ ਥੱਕਿਆਂ ਦੇ ਘਰ ਹਾਰੇ ਹੋਏ ਪ੍ਰਾਹੁਣੇ....!"



ਬਰਜਿੰਦਰ ਕੌਰ ਬਿਸਰਾਓ...
9988901324

# ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਵਿਖੇ 1,025 ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ

**ਨਵਾਂਸ਼ਹਿਰ /ਕਾਠਗੜ੍ਹ 31 ਮਈ ( ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ (ਐਲ ਟੀ ਐਸ ਯੂ ) ਨੇ 12ਵੀਂ ਜਮਾਤ ਦੇ ਸ਼ਾਨਦਾਰ ਵਿਦਿਆਰਥੀਆਂ ਲਈ ਇੱਕ ਵਿਸ਼ਾਲ ਐਜੂਕੇਟਰਜ਼ ਕਨਕਲੇਵ, ਕਰੀਅਰ ਕਾਉਂਸਲਿੰਗ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ, ਜਿਸ ਵਿੱਚ ਸਰਕਾਰ, ਉਦਯੋਗ, ਅਕਾਦਮਿਕ ਅਤੇ ਸਕੂਲ ਸਿੱਖਿਆ ਦੇ ਉੱਘੇ ਆਗੂਆਂ ਨੂੰ ਇਕੱਠਾ ਕੀਤਾ ਗਿਆ। ਇਸ ਸਮਾਗਮ ਵਿੱਚ ਛੇ ਸ਼ਹਿਰਾਂ ਦੇ 150 ਤੋਂ ਵੱਧ ਸਕੂਲਾਂ ਦੇ ਨੁਮਾਇੰਦਿਆਂ, ਪ੍ਰਿੰਸੀਪਲਾਂ, ਅਧਿਆਪਕਾਂ, ਮਾਪਿਆਂ ਅਤੇ ਸਿੱਖਿਆ ਹਿੱਤਧਾਰਕਾਂ ਦੀ ਭਾਗੀਦਾਰੀ ਦੇਖਣ ਨੂੰ ਮਿਲੀ।

ਸ਼੍ਰੀ ਸਚਿਨ ਜੈਨ, ਕਾਰਜਕਾਰੀ ਨਿਰਦੇਸ਼ਕ ਦਾਖਲੇ ਅਤੇ ਕਾਰ-ਪੋਰੇਟ ਸਬੰਧਾਂ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਭਾਰਤ ਦੇ ਨੌਜਵਾਨਾਂ ਲਈ ਕਰੀਅਰ ਜਾਗਰੂਕਤਾ, ਉਦਯੋਗ ਨਾਲ ਜੁੜੀ ਸਿੱਖਿਆ ਅਤੇ ਹੁਨਰ ਵਿਕਾਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਡਾ. ਆਸ਼ੂਤੋਸ਼ ਸ਼ਰਮਾ, ਕਾਰਜਕਾਰੀ ਡੀਨ, ਵਣਜ ਅਤੇ ਪ੍ਰਬੰਧਨ ਦੁਆਰਾ ਐਲ ਟੀ ਐਸ ਯੂ 'ਤੇ ਇੱਕ ਸੰਖੇਪ ਪੇਸ਼ਕਾਰੀ ਦਿੱਤੀ ਗਈ ਜਿਸ ਵਿੱਚ ਯੂਨੀਵਰਸਿਟੀ ਦੇ ਉਦਯੋਗ-ਇਨਕਿਊਬੇਟਿਡ ਮਾਡਲ, ਇੰਟਰਨਸ਼ਿਪ-ਏਕੀਕ੍ਰਿਤ ਸਿਖਲਾਈ ਈਕੋਸਿਸਟਮ, ਅਤੇ ਰੁਜ਼ਗਾਰਯੋਗਤਾ 'ਤੇ ਮਜ਼ਬੂਤ ਫੋਕਸ ਦਾ ਪ੍ਰਦਰਸ਼ਨ ਕੀਤਾ ਗਿਆ।

ਵਿਧਾਇਕ ਰੂਪਨਗਰ ਐਡਵੋਕੇਟ ਦਿਨੇਸ਼ ਚੱਢਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹੁਨਰ ਜ਼ਿੰਦਗੀ ਵਿੱਚ ਸਫਲਤਾ ਦੀ ਨੀਂਹ ਹਨ। ਉਨ੍ਹਾਂ ਨੇ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਦੇ ਸ਼ਾਨਦਾਰ ਵਿਕਾਸ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਯੂਨੀਵਰਸਿਟੀ ਇੱਕ ਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾ ਵਜੋਂ ਉੱਭਰੀ ਹੈ, ਜੋ ਭਾਰਤ ਭਰ ਦੇ 24 ਰਾਜਾਂ ਦੇ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਰੂਪਨਗਰ ਤੇਜ਼ੀ ਨਾਲ ਇੱਕ ਮਹੱਤਵਪੂਰਨ ਵਿਦਿਅਕ ਕੇਂਦਰ ਵਜੋਂ ਵਿਕਸਤ ਹੋ ਰਿਹਾ ਹੈ ਜਿਸ ਵਿੱਚ ਆਈ ਆਈ ਟੀ ਰੋਪੜ, ਨੀਲਿਟ ਰੋਪੜ, ਅਤੇ ਐਲ ਟੀ ਐਸ ਯੂ ਪੰਜਾਬ ਵਰਗੇ ਵੱਕਾਰੀ ਅਦਾਰੇ ਖੇਤਰ ਦੇ ਵਿਦਿਅਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ।

ਮਨਮੀਤ ਕੱਕੜ, ਸਹਾਇਕ ਸਟੇਟ ਪ੍ਰੋਜੈਕਟ ਡਾਇਰੈਕਟਰ, ਸਮਗਰਾ ਸਿੱਖਿਆ ਅਭਿਆਨ (ਐਸ ਐਸ ਏ), ਪੰਜਾਬ ਨੇ ਉਦਯੋਗ ਦੀਆਂ ਜ਼ਰੂਰਤਾਂ ਦੇ ਅਨੁਸਾਰ ਹੁਨਰ-ਅਧਾਰਤ ਸਿੱਖਿਆ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕੀਤਾ।




ਉਨ੍ਹਾਂ ਵਿਦਿਆਰਥੀਆਂ ਨੂੰ ਸੂਚਿਤ ਕਰੀਅਰ ਵਿਕਲਪ ਬਣਾਉਣ, ਨਿਰੰਤਰ ਸਿੱਖਣ ਲਈ ਵਚਨਬੱਧ ਰਹਿਣ ਅਤੇ ਸਖ਼ਤ ਮਿਹਨਤ ਅਤੇ ਲਗਨ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਅਕ ਸੰਸਥਾਵਾਂ ਨੂੰ ਕਰੀਅਰ ਕਾਉਂਸਲਿੰਗ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਜੋ ਵਿਦਿਆਰਥੀ ਤੇਜ਼ੀ ਨਾਲ ਬਦਲ ਰਹੇ ਰੁਜ਼ਗਾਰ ਦੇ ਦ੍ਰਿਸ਼ ਨੂੰ ਸਫਲਤਾਪੂਰਵਕ ਨੇਵੀਗੇਟ ਕਰ ਸਕਣ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਆਈ ਬੀ ਐਮ ਇਨੋਵੇਸ਼ਨ ਸੈਂਟਰ ਫਾਰ ਐਜੂਕੇਸ਼ਨ ਦੇ ਡਿਲੀਵਰੀ ਹੈੱਡ, ਸ਼੍ਰੀ ਵਿਕਾਰੂਦੀਨ ਸੁਰਕੀ ਨੇ ਜ਼ੋਰ ਦੇ ਕੇ ਕਿਹਾ ਕਿ ਅੱਜ ਦੇ ਕੰਮ ਵਾਲੀ ਥਾਂ 'ਤੇ ਸਫਲਤਾ ਲਈ ਸਿਰਫ਼ ਤਕਨੀਕੀ ਗਿਆਨ ਹੀ ਕਾਫ਼ੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੰਚਾਰ ਹੁਨਰ, ਨੈੱਟਵਰਕਿੰਗ ਯੋਗਤਾਵਾਂ, ਸਹਿਯੋਗੀ ਕੰਮ ਕਰਨਾ, ਸਮੱਸਿਆ-ਹੱਲ ਕਰਨਾ, ਅਤੇ ਪੇਸ਼ੇਵਰ ਆਚਰਣ ਤਕਨੀਕੀ ਯੋਗਤਾਵਾਂ ਦੇ ਨਾਲ-ਨਾਲ ਬਰਾਬਰ ਮਹੱਤਵਪੂਰਨ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਇੱਕ ਸੰਤੁਲਿਤ ਹੁਨਰ ਸਮੂਹ ਵਿਕਸਤ ਕਰਨ ਲਈ ਉਤਸ਼ਾਹਿਤ ਕੀਤਾ ਜੋ ਤਕਨਾਲੋਜੀ ਮੁਹਾਰਤ ਨੂੰ ਮਜ਼ਬੂਤ ਅੰਤਰ-ਵਿਅਕਤੀਗਤ ਯੋਗਤਾਵਾਂ ਨਾਲ ਜੋੜਦਾ ਹੈ।

ਸ. ਨਿਰਮਲ ਸਿੰਘ ਰਿਆੜ, ਚਾਂਸਲਰ, ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਪੰਜਾਬ ਨੇ ਕਿਹਾ ਕਿ ਯੂਨੀਵਰਸਿਟੀ ਉਦਯੋਗ ਏਕੀਕਰਨ, ਨਵੀਨਤਾ ਅਤੇ ਅਨੁਭਵੀ ਸਿੱਖਿਆ ਰਾਹੀਂ ਉੱਚ ਸਿੱਖਿਆ ਨੂੰ ਬਦਲਣ ਲਈ ਵਚਨਬੱਧ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਐਲ ਟੀ ਐਸ ਯੂ ਪ੍ਰਮੁੱਖ ਉਦਯੋਗਾਂ ਅਤੇ ਤਕਨਾਲੋਜੀ ਸੰਗਠਨਾਂ ਨਾਲ ਸਾਂਝੇਦਾਰੀ ਨੂੰ ਮਜ਼ਬੂਤ ਕਰਕੇ ਇਹ ਯਕੀਨੀ ਬਣਾ ਰਿਹਾ ਹੈ ਕਿ ਵਿਦਿਆਰਥੀਆਂ ਨੂੰ ਵਿਹਾਰਕ ਐਕਸਪੋਜ਼ਰ, ਇੰਟਰਨਸ਼ਿਪ, ਪ੍ਰਮਾਣੀਕਰਣ ਅਤੇ ਰੁਜ਼ਗਾਰ-ਅਧਾਰਿਤ ਸਿਖਲਾਈ ਦੇ ਮੌਕੇ ਪ੍ਰਾਪਤ ਹੋਣ। ਸ਼੍ਰੀ ਵਿਮਲ ਮਨਹੋ-ਤਰਾ, ਸੀਈਓ, ਨੇ ਕਿਹਾ ਕਿ ਭਵਿੱਖ ਉਨ੍ਹਾਂ ਸੰਸਥਾਵਾਂ ਦਾ ਹੈ ਜੋ ਸਿੱਖਿਆ ਅਤੇ ਉਦਯੋਗ ਵਿਚਕਾਰ ਪਾੜੇ ਨੂੰ ਸਫਲਤਾਪੂਰਵਕ ਪੂਰਾ ਕਰਦੇ ਹਨ।

ਡਾ. ਐਚ.ਪੀ.ਐਸ. ਧਾਮੀ, ਕਾਰਜਕਾਰੀ ਡੀਨ ਇੰਜੀਨੀਅਰਿੰਗ ਨੇ ਭਵਿੱਖ ਦੇ ਇੰਜੀਨੀਅਰਾਂ ਅਤੇ ਨਵੀਨਤਾਕਾਰਾਂ ਨੂੰ ਤਿਆਰ ਕਰਨ ਵਿੱਚ ਤਕਨਾਲੋਜੀ-ਅਧਾਰਤ ਸਿੱਖਿਆ ਅਤੇ ਵਿਹਾਰਕ ਹੁਨਰ ਵਿਕਾਸ ਦੀ ਮਹੱਤਤਾ ਨੂੰ ਉਜਾ-ਗਰ ਕੀਤਾ।

ਡਾ. ਐਨ.ਐਸ. ਗਿੱਲ, ਕਾਰਜਕਾਰੀ ਡੀਨ ਫਾਰਮੇਸੀ ਨੇ ਸਿਹਤ ਸੰਭਾਲ ਅਤੇ ਫਾਰਮਾਸਿਊਟੀਕਲ ਵਿਗਿਆਨ ਵਿੱਚ ਵਧ ਰਹੇ ਮੌਕਿਆਂ 'ਤੇ ਜ਼ੋਰ ਦਿੱਤਾ। ਇਸ ਸਮਾਰੋਹ ਵਿੱਚ ਛੇ ਸ਼ਹਿਰਾਂ ਅਤੇ 150 ਤੋਂ ਵੱਧ ਸਕੂਲਾਂ ਦੇ 1,025 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਵਿਦਿਆਰਥੀਆਂ ਨੂੰ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਉਨ੍ਹਾਂ ਦੀਆਂ ਅਕਾਦਮਿਕ ਪ੍ਰਾਪਤੀਆਂ ਦੇ ਆਧਾਰ 'ਤੇ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ। ਯੂਨੀਵਰਸਿਟੀ ਨੇ ਸਿੱਖਿਆ ਅਤੇ ਵਿਦਿਆਰਥੀ ਵਿਕਾਸ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਵਿਸ਼ੇਸ਼ ਮਹਿਮਾਨਾਂ, ਸਕੂਲ ਪ੍ਰਿੰਸੀਪਲਾਂ ਅਤੇ ਸਿੱਖਿਅਕਾਂ ਨੂੰ ਸਨਮਾਨਿਤ ਵੀ ਕੀਤਾ।

## ਪੰਜਾਬ ਦੀਆਂ ਹੱਕੀ ਮੰਗਾਂ 'ਤੇ ਸਿਆਸੀ ਧਿਰਾਂ ਦੀ ਸਹਿਮਤੀ ਦਾ ਅਸਲ ਪਰਖ ਹੁਣ ਅਮਲੀ ਰੂਪ ਵਿੱਚ ਹੋਵੇਗੀ: ਸਾਥੀ ਕਰਨ ਰਾਣਾ

**ਨਵਾਂਸ਼ਹਿਰ, 31 ਮਈ (ਜਤਿੰਦਰ ਪਾਲ ਸਿੰਘ ਕਲੇਰ)** : ਪਿੰਡ ਬਚਾਓ, ਪੰਜਾਬ ਬਚਾਓ ਮੁਹਿੰਮ ਤਹਿਤ ਚੰਡੀਗੜ੍ਹ ਵਿਖੇ ਕਰਵਾਏ ਗਏ ਵਿਸ਼ੇਸ਼ ਸੈਮੀਨਾਰ ਸਬੰਧੀ ਪ੍ਰੈਸ ਬਿਆਨ ਜਾਰੀ ਕਰਦਿਆਂ ਮੁਹਿੰਮ ਦੇ ਪ੍ਰਮੁੱਖ ਆਗੂ ਸਾਥੀ ਕਰਨ ਰਾਣਾ ਨੇ ਦੱਸਿਆ ਕਿ ਇਸ ਇਤਿਹਾਸਕ ਇਕੱਠ ਵਿੱਚ ਪੰਜਾਬ ਦੇ ਉੱਗੇ ਚਿੰਤਕਾਂ, ਬੁੱਧੀਜੀਵੀਆਂ, ਕਿਸਾਨ ਅਤੇ ਮਜ਼ਦੂਰ ਆਗੂਆਂ ਨੇ ਭਰਵੀਂ ਸ਼ਿਰਕਤ ਕੀਤੀ। ਉਨ੍ਹਾਂ ਦੱਸਿਆ ਕਿ ਸੈਮੀਨਾਰ ਦੌਰਾਨ ਪੰਜਾਬ ਦੇ ਭਖਦੇ ਮੁੱਦਿਆਂ 'ਤੇ ਇੱਕ ਅਹਿਮ ਸੰਕਲਪ ਪੱਤਰ ਪੇਸ਼ ਕੀਤਾ ਗਿਆ ਸੀ, ਜਿਸ ਨੂੰ ਲੈ ਕੇ ਪੰਜਾਬ ਦੀਆਂ ਸਮੂਹ ਰਾਜਨੀਤਿਕ ਧਿਰਾਂ ਨੂੰ ਸੱਦਾ ਪੱਤਰ ਭੇਜੇ ਗਏ ਸਨ। ਇਸ ਦੌਰਾਨ ਭਾਰਤੀ ਜਨਤਾ ਪਾਰਟੀ (ਬੀਜੇਪੀ) ਦਾ ਕੋਈ ਵੀ ਨੁਮਾਇੰਦਾ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੋਇਆ, ਜਦੋਂ ਕਿ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਇਸ ਮੁਹਿੰਮ ਲਈ ਆਪਣਾ ਵਿਸ਼ੇਸ਼ ਸੰਦੇਸ਼ ਭੇਜਿਆ ਗਿਆ।

ਸਾਥੀ ਕਰਨ ਰਾਣਾ ਨੇ ਅੱਗੇ ਦੱਸਿਆ ਕਿ ਬਾਕੀ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਪੇਸ਼ ਕੀਤੇ ਗਏ ਸੰਕਲਪ ਪੱਤਰ 'ਤੇ ਪੂਰਨ ਸਹਿਮਤੀ ਪ੍ਰਗਟਾਈ ਹੈ। ਇਸ ਸੈਮੀਨਾਰ ਵਿੱਚ ਪੰਜਾਬ ਲਈ ਵੱਧ ਅਧਿਕਾਰਾਂ ਦੀ ਮੰਗ, ਦੇਸ਼ ਦੇ ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ, ਸ਼ਕਤੀਆਂ ਦਾ ਹੇਠਲੇ ਪੱਧਰ ਤੱਕ ਵਿਕੇਂਦਰੀਕਰਨ



ਕਰਨ ਸਮੇਤ ਸੂਬੇ ਦੇ ਸਭ ਤੋਂ ਵੱਡੇ ਕੋੜ੍ਹ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੇ ਗੰਭੀਰ ਮੁੱਦਿਆਂ 'ਤੇ ਸਾਰੀਆਂ ਧਿਰਾਂ ਨੇ ਇੱਕਸੁਰ ਹੁੰਦਿਆਂ ਹਾਮੀ ਭਰੀ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਸਿਆਸੀ ਪਾਰਟੀਆਂ ਵੱਲੋਂ ਅਜਿਹੇ ਗੰਭੀਰ ਮੁੱਦਿਆਂ 'ਤੇ ਸਹਿਮਤੀ ਜਤਾਉਣਾ ਇੱਕ ਚੰਗਾ ਕਦਮ ਹੈ, ਪਰ ਹੁਣ ਇਨ੍ਹਾਂ ਧਿਰਾਂ ਦੀ ਅਸਲ ਪਰਖ ਚੋਣਾਂ ਅਤੇ ਸਿਆਸੀ ਮੈਦਾਨ ਦੇ ਅਮਲਾਂ ਤੋਂ ਹੋਵੇਗੀ ਕਿ ਉਹ ਪੰਜਾਬ ਦੇ ਹਿੱਤਾਂ ਲਈ ਕਿੰਨੀ ਸੰਜੀਦਗੀ ਨਾਲ ਪਹਿਰਾ ਦਿੰਦੀਆਂ ਹਨ।

# ਸੇਵਾ, ਸਨੇਹ ਅਤੇ ਸਮਰਪਣ ਦੀ ਮਿਸਾਲ - ਬੀਬੀ ਹਰਜੀਤ ਕੌਰ

ਕਿਸੇ ਵੀ ਪਿੰਡ, ਸ਼ਹਿਰ ਜਾਂ ਇਲਾਕੇ ਦਾ ਅਸਲ ਸਰਮਾਇਆ, ਉੱਥੋਂ ਦੀਆਂ ਵੱਡੀਆਂ ਇਮਾਰਤਾਂ, ਸੜਕਾਂ ਜਾਂ ਮਸ਼ੀਨੀ ਵਿਕਾਸ ਨਹੀਂ ਹੁੰਦਾ ਸਗੋਂ ਉਹ ਦਾਨਸ਼ਮੰਦ ਲੋਕ ਹੁੰਦੇ ਹਨ, ਜੋ ਨਿੱਜ ਤਿਆਗ ਕੇ ਆਪਣੀ ਜ਼ਿੰਦਗੀ ਪਿੰਡ, ਸ਼ਹਿਰ ਜਾਂ ਇਲਾਕੇ ਦੇ ਲੋਕਾਂ ਦੀ ਭਲਾਈ ਨੂੰ ਸਮਰਪਿਤ ਕਰ ਦਿੰਦੇ ਹਨ। ਨਕੋਦਰ ਦੇ ਪਿੰਡ ਭੋਡੀਪੁਰ ਦੀ ਮਿੱਟੀ ਵੀ ਇਕ ਅਜਿਹੀ ਸ਼ਖਸੀਅਤ ਦੀ ਗਵਾਹੀ ਭਰਦੀ ਹੈ, ਜਿਨ੍ਹਾਂ ਨੇ ਗਾਲਿਬਨ ਦੋ ਪੀੜ੍ਹੀਆਂ ਦੀ ਸਿਹਤ ਤੇ ਸਿੱਖਿਆ ਦਾ ਜ਼ਿੰਮਾ ਬਾਖ਼ੂਬੀ ਨਿਭਾਇਆ ਹੈ। ਪਿੰਡ ਵਿੱਚ "ਵੱਡੇ ਮੈਡਮ" ਕਹਿ ਕੇ ਸਤਿਕਾਰੇ ਜਾਣ ਵਾਲੇ ਬੀਬੀ ਹਰਜੀਤ ਕੌਰ ਜੀ ਸਿਰਫ਼ ਪਿੰਡ ਦੇ ਆਂਗਣਵਾੜੀ ਸੈਂਟਰ ਵਿੱਚ ਇੱਕ ਆਂਗਣਵਾੜੀ ਵਰਕਰ ਹੀ ਨਹੀਂ ਰਹੇ, ਸਗੋਂ ਪਿੰਡ ਦੇ ਬੱਚਿਆਂ ਦੀ ਪਹਿਲੀ ਅਧਿਆਪਕਾ, ਮਾਂਵਾਂ ਦੀ ਪਹਿਲੀ ਸਲਾਹਕਾਰ ਅਤੇ ਸਮਾਜ ਦੀ ਮਮਤਾਮਈ ਰਹਿਨੁਮਾ ਵੀ ਬਣੇ ਰਹੇ ਹਨ। ਉਹਨਾਂ ਦੀ ਹਲੀਮੀ, ਸਾਦਗੀ, ਗਿਆਨ ਅਤੇ ਆਪਣੇ ਫ਼ਰਜ਼ ਪ੍ਰਤੀ ਸਮਰਪਣ ਨੇ ਉਨ੍ਹਾਂ ਨੂੰ ਪਿੰਡ ਲੋਕਾਂ ਦੇ ਦਿਲਾਂ ਵਿੱਚ ਇੱਕ ਵਿਸ਼ੇਸ਼ ਥਾਂ ਬਖ਼ਸ਼ੀ ਹੈ।

ਬੀਬੀ ਹਰਜੀਤ ਕੌਰ ਦਾ ਜਨਮ 12 ਜੂਨ, 1956 ਨੂੰ ਸ. ਮਨਮੋਹਨ ਸਿੰਘ ਦੇ ਘਰ ਮਾਤਾ ਲਾਜਵੰਤ ਕੌਰ ਦੀ ਕੁੱਖੋਂ ਹੋਇਆ। ਉਸ ਵਕਤ ਮਾਪਿਆਂ ਦਾ ਟਿਕਾਣਾ ਲਾਜਪਤ ਨਗਰ, ਦਿੱਲੀ ਵਿਖੇ ਸੀ, ਜਿੱਥੇ ਬੀਬੀ ਹਰਜੀਤ ਕੌਰ ਨੇ ਜਨਮ ਲਿਆ ਤੇ ਪਹਿਲੀਆਂ ਪੰਜ ਜਮਾਤਾਂ ਪੜ੍ਹੀਆਂ। 1966 ਵਿੱਚ ਬੀਬੀ ਜੀ ਦਾ ਪੂਰਾ ਪਰਿਵਾਰ ਪੰਜਾਬ ਦੇ ਜ਼ਿਲ੍ਹਾ ਜਲੰਧਰ ਵਿਖੇ ਆ ਵਸਿਆ। ਬੀਬੀ ਹਰਜੀਤ ਕੌਰ ਹੁਰਾਂ ਨੇ 1972 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਹੀ ਗੁਰਦੁਆਰਾ ਛੇਵੀਂ ਪਾਤਿਸ਼ਾਹੀ, ਬਸਤੀ ਸ਼ੇਖ਼ (ਜਲੰਧਰ) ਵਿਖੇ ਪ੍ਰਾਇਮਰੀ ਜਮਾਤਾਂ ਨੂੰ ਪੜ੍ਹਾਉਣ ਦਾ ਆਹਰ ਕੀਤਾ ਜੋ ਕਿ ਕਰੀਬ ਡੇਢ-ਦੋ ਸਾਲ ਦੀ ਪ੍ਰਾਈਵੇਟ ਨੌਕਰੀ ਸੀ। ਇਸ ਮਗਰੋਂ 08 ਅਗਸਤ, 1976 ਵਿੱਚ ਬੀਬੀ ਜੀ ਦਾ ਵਿਆਹ ਸਰਦਾਰ ਜੀਤ ਸਿੰਘ ਨਾਲ਼ ਹੋਇਆ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਬੀ ਜੀ ਦੇ ਸਹੁਰਾ ਸਾਹਿਬ ਕਰੀਬ 45 ਸਾਲ ਪਿੰਡ ਭੋਡੀਪੁਰ ਵਿਖੇ ਬਤੌਰ ਗ੍ਰੰਥੀ ਕਾਰਜ ਕਰਦੇ ਰਹੇ।

ਬੀਬੀ ਜੀ ਨੇ ਵਿਆਹ ਤੋਂ ਬਾਅਦ ਗੁਰਦੁਆਰਾ ਸਿੰਘ ਸਭਾ, ਨਕੋਦਰ ਵਿਖੇ ਪ੍ਰਾਇਮਰੀ ਜਮਾਤਾਂ ਨੂੰ ਪੜ੍ਹਾਇਆ ਅਤੇ 1989 ਵਿੱਚ ਗਿਆਨੀ ਦੀ ਪੜ੍ਹਾਈ ਪੂਰੀ ਕੀਤੀ, ਜਿਸ ਉਪਰੰਤ ਬਤੌਰ ਆਂਗਣਵਾੜੀ ਵਰਕਰ 2 ਦਸੰਬਰ, 1982 ਨੂੰ ਆਂਗਣਵਾੜੀ ਸੈਂਟਰ, ਭੋਡੀਪੁਰ ਵਿਖੇ ਜੁਆਇਨ ਕੀਤਾ, ਇਹ ਆਂਗਣਵਾੜੀ ਸੈਂਟਰ; ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਵਿਖੇ ਹੀ ਸ਼ੁਰੂ ਤੋਂ ਅੱਜ ਤੱਕ ਚੱਲ ਰਿਹਾ ਹੈ। ਇਹ ਵੀ ਬੜੇ ਮਾਣ ਦੀ ਗੱਲ ਹੈ ਕਿ ਬੀਬੀ ਹਰਜੀਤ ਕੌਰ ਜੀ ਦੇ ਆਉਣ ਨਾਲ਼ ਹੀ ਪਿੰਡ ਭੋਡੀਪੁਰ ਵਿਖੇ ਆਂਗਣਵਾੜੀ ਸੈਂਟਰ ਦੀ ਸ਼ੁਰੂਆਤ ਹੋਈ ਸੀ। ਭਾਰਤ ਦੇ ਮਹਾਨ ਦਰਸ਼ਨਿਕ ਅਤੇ ਸਾਬਕਾ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੇ ਕਿਹਾ ਸੀ ਕਿ ਸਭ ਤੋਂ ਵਧੀਆ ਅਧਿਆਪਕ ਉਹ ਹੁੰਦਾ ਹੈ, ਜੋ ਬੱਚਿਆਂ ਨੂੰ ਸਿਰਫ਼ ਪੜ੍ਹਨਾ ਨਹੀਂ ਸਗੋਂ ਜਿਊਣਾ ਵੀ ਸਿਖਾ ਦੇਵੇ। ਬੀਬੀ ਜੀ ਨੇ ਆਪਣੀ ਜ਼ਿੰਦਗੀ ਵਿੱਚ ਇਸ ਕਥਨ ਨੂੰ ਸਾਰਥਿਕ ਸਿੱਧ ਕੀਤਾ। ਉਹਨਾਂ ਨੇ ਬੱਚਿਆਂ ਨੂੰ ਸਿਰਫ਼ ਅੱਖਰ ਗਿਆਨ ਹੀ ਨਹੀਂ ਦਿੱਤਾ, ਸਗੋਂ ਸਫ਼ਾਈ, ਅਨੁਸ਼ਾਸਨ, ਸਨੇਹ ਅਤੇ ਮਨੁੱਖਤਾ ਦੇ ਮੁੱਲ ਵੀ ਸਿਖਾਏ। ਉਹਨਾਂ ਦੀ ਗੋਦ ਵਿੱਚ ਬੈਠ ਕੇ ਕਈ ਬੱਚਿਆਂ ਨੇ ਪਹਿਲੀ ਵਾਰ ਅੱਖਰ ਪਛਾਣੇ ਅਤੇ ਅੱਜ ਜਦੋਂ ਉਨ੍ਹਾਂ ਦੇ ਬੱਚੇ ਵੀ ਬੀਬੀ ਜੀ ਦੀ ਗੋਦ ਵਿੱਚ ਬੈਠਦੇ ਹਨ ਤਾਂ ਉਹ ਆਪਣੇ ਬਚਪਨ ਦੀਆਂ ਯਾਦਾਂ ਵਿੱਚ ਖੋ ਜਾਂਦੇ ਹਨ।



ਬੀਬੀ ਹਰਜੀਤ ਕੌਰ

ਬੀਬੀ ਜੀ ਬੜੀ ਹਲੀਮੀ, ਗਿਆਨ ਤੇ ਆਪਣੇ ਕੰਮ ਨੂੰ ਸਮਰਪਿਤ ਭਾਵਨਾ ਵਾਲੇ ਨੇਕ ਇਨਸਾਨ ਹਨ, ਜਿਨ੍ਹਾਂ ਨੇ ਲੰਮੇ ਸਮੇਂ ਤੋਂ ਪਿੰਡ ਭੋਡੀਪੁਰ ਦੀ ਬਤੌਰ ਆਂਗਣਵਾੜੀ ਵਰਕਰ ਅਗਵਾਈ ਕੀਤੀ ਅਤੇ ਆਂਗਣਵਾੜੀ ਤੇ ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਦੇ ਕਰੀਬ ਅੱਧੀ ਸਦੀ ਦੇ ਵਰਤਾਰੇ ਨੂੰ ਅੱਖੀਂ ਵੇਖਿਆ ਤੇ ਵਾਚਿਆ ਹੈ। ਸਰਕਾਰੀ ਪ੍ਰਾਇਮਰੀ ਸਕੂਲ, ਭੋਡੀਪੁਰ ਵਿਖੇ ਪੜ੍ਹ ਰਹੇ ਬੱਚੇ ਵੀ ਉਨ੍ਹਾਂ ਨੂੰ 'ਵੱਡੇ ਮੈਡਮ' ਕਹਿ ਕੇ ਸਤਿਕਾਰਦੇ ਹਨ ਕਿਉਂ ਜੋ ਉਹ ਬੱਚੇ ਹੀ ਨਹੀਂ, ਉਨ੍ਹਾਂ ਦੀਆਂ ਦੋ ਵੱਡੀਆਂ ਪੀੜ੍ਹੀਆਂ ਵੀ ਬੀਬੀ ਜੀ ਦੇ ਪੈਰੀਂ ਹੱਥ ਲਾਉਂਦੀਆਂ ਤੇ ਅਸੀਸਾਂ ਲੈਂਦੀਆਂ ਹਨ।

ਜਿਨ੍ਹਾਂ ਨੂੰ ਛੋਟੀ ਉਮਰ ਵਿੱਚ ਆਪਣੇ ਆਂਗਣਵਾੜੀ ਸੈਂਟਰ ਵਿੱਚ ਖਿਡਾਇਆ, ਪੜ੍ਹਾਇਆ ਅਤੇ ਸਿਖਾਇਆ, ਉਹ ਅੱਜ ਆਪਣੀ ਅਗਲੀ ਪੀੜ੍ਹੀ ਨੂੰ ਵੀ ਮੈਡਮ ਹਰਜੀਤ ਕੌਰ ਹੋਰਾਂ ਤੋਂ ਹੀ ਸਿੱਖਿਅਤ ਕਰਵਾਉਣ ਲਈ ਆਂਗਣਵਾੜੀ ਸੈਂਟਰ ਵਿੱਚ ਖ਼ੁਸ਼ੀ-ਖ਼ੁਸ਼ੀ ਭੇਜਦੇ ਹਨ। ਇਨ੍ਹਾਂ ਨੇ ਆਪਣੀ ਮਿਹਨਤ ਅਤੇ ਜ਼ਿੰਮੇਵਾਰੀ ਨਾਲ ਪਿੰਡ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਈ ਹੈ। ਅੱਜ ਉਹ ਪਿੰਡ ਦੀ ਹਰ ਮਹਿਲਾ ਲਈ ਇੱਕ ਆਦਰਸ਼ ਬਣ ਚੁੱਕੇ ਹਨ। ਪਿੰਡ ਦੀਆਂ ਸੁਆਣੀਆਂ ਅੱਜ ਵੀ ਉਨ੍ਹਾਂ ਨਾਲ਼ ਸਲਾਹ ਮਸ਼ਵਰਾ ਕਰਦੀਆਂ ਰਹਿੰਦੀਆਂ ਹਨ।

ਇੱਕ ਵਾਰ ਚਾਣਕਿਆ ਨੂੰ ਕਿਸੇ ਵਿਦਿਆਰਥੀ ਨੇ ਸਵਾਲ ਪੁੱਛਿਆ ਕਿ ਗੁਰੂ ਦੀ ਮਹਾਨਤਾ ਕੀ ਹੁੰਦੀ ਹੈ? ਤਾਂ ਇਸ ਦੇ ਜਵਾਬ ਵਿਚ ਚਾਣਕਿਆ ਨੇ ਇੱਕ ਦੀਵਾ ਬਾਲ ਕੇ ਦੱਸਿਆ ਕਿ ਗੁਰੂ ਇਸ ਦੀਵੇ ਵਾਂਗ ਖ਼ੁਦ ਬਲ- ਸੜ ਕੇ ਹੋਰਾਂ ਨੂੰ ਰੌਸ਼ਨੀ ਦਿੰਦਾ ਹੈ। ਬੀਬੀ ਜੀ ਦੀ ਸੇਵਾ ਵੀ ਉਸ ਜਗਦੇ ਦੀਵੇ ਵਰਗੀ ਰਹੀ ਹੈ, ਜਿਸ ਨੇ ਪਿੰਡ ਭੋਡੀਪੁਰ ਦੀਆਂ ਕਈ ਪੀੜ੍ਹੀਆਂ ਨੂੰ ਚਾਨਣ ਦਿੱਤਾ।

ਰਿਟਾਇਰਮੈਂਟ, ਕਿਸੇ ਮਨੁੱਖ ਦੀ ਸੇਵਾ ਦਾ ਅੰਤ ਨਹੀਂ ਹੁੰਦੀ, ਸਗੋਂ ਉਸ ਦੀਆਂ ਕੀਤੀਆਂ ਸੇਵਾਵਾਂ ਦਾ ਸਨਮਾਨ ਹੁੰਦੀ ਹੈ। ਸਰਕਾਰੀ ਡਿਊਟੀ ਤੋਂ ਭਾਵੇਂ ਬੀਬੀ ਜੀ ਅਗਲੇ ਮਹੀਨੇ ਵਿਦਾ ਹੋ ਜਾਣਗੇ ਪਰ ਉਹਨਾਂ ਦੀ ਅਣਥੱਕ ਸੇਵਾ, ਮਿਹਨਤ, ਮੁਸਕਾਨ ਅਤੇ ਪਿਆਰ ਭਰੀ ਬੋਲੀ ਪਿੰਡ ਦੀਆਂ ਯਾਦਾਂ ਵਿੱਚ ਹਮੇਸ਼ਾਂ ਜਿਉਂਦੀ ਰਹੇਗੀ।

ਉਹਨਾਂ ਦੀ ਸ਼ਖ਼ਸੀਅਤ ਸਾਨੂੰ ਇਹ ਸਿਖਾਉਂਦੀ ਹੈ ਕਿ ਵੱਡਾ ਉਹ ਨਹੀਂ ਹੁੰਦਾ ਜਿਸ ਕੋਲ ਅਹੁਦਾ ਵੱਡਾ ਹੋਵੇ, ਸਗੋਂ ਵੱਡਾ ਉਹ ਹੁੰਦਾ ਹੈ ਜਿਸ ਦੇ ਦਿਲ ਵਿੱਚ ਮਨੁੱਖਤਾ ਲਈ ਪਿਆਰ ਹੋਵੇ। ਉਹਨਾਂ ਦੀ ਲੰਬੀ ਉਮਰ, ਚੰਗੀ ਸਿਹਤ ਅਤੇ ਖੁਸ਼ਹਾਲ ਜੀਵਨ ਲਈ ਦਿਲੋਂ ਅਰਦਾਸ ਹੈ। ਅਜਿਹੀਆਂ ਸਖ਼ਸ਼ੀਅਤਾਂ ਸਮਾਜ ਲਈ ਮਾਣ ਹੁੰਦੀਆਂ ਹਨ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਪ੍ਰੇਰਣਾ ਵੀ। ਪ੍ਰਮਾਤਮਾ ਦੇ ਹੁਕਮ ਵਿੱਚ ਬੱਝੇ ਤੇ ਸਾਂਝੀਵਾਲਤਾ ਦਾ ਸੁਨੇਹਾ ਲੈ ਕੇ ਤੁਰੇ ਬੀਬੀ ਹਰਜੀਤ ਕੌਰ ਹੁਰਾਂ ਹਮੇਸ਼ਾ ਸਭ ਦਾ ਭਲਾ ਲੋਚਿਆ ਤੇ ਮਿਲ਼ ਕੇ ਰਹਿਣ ਦਾ ਸੁਨੇਹਾ ਦਿੱਤਾ ਹੈ। ਉਨ੍ਹਾਂ ਦੀਆਂ ਗੱਲਾਂ ਵਿੱਚ ਅਪਣੱਤ, ਸਾਂਝ ਦੇ ਪਲ, ਵਿਚਾਰਾਂ ਦੀ ਸੁੱਚਤਾ ਅਤੇ ਆਉਣ ਵਾਲ਼ੇ ਸਮੇਂ ਲਈ ਵਚਨਬੱਧਤਾ ਝਲਕਦੀ ਹੈ। ਉਹ ਇਸੇ ਤਰ੍ਹਾਂ ਚੜ੍ਹਦੀ ਕਲਾ ਵਿੱਚ ਰਹਿਣ...ਆਮੀਨ!



**ਹਰਪ੍ਰੀਤ ਸਿੰਘ ਸਵੈਚ**
ਮੋਬਾਇਲ: 9878224000

# "ਨਾਵਲ ਜਿਗਰੀ ਰਾਹੀਂ ਰਿੱਛ ਜਾਤੀ ਬਾਰੇ ਮਿਲਦੀ ਭਰਪੂਰ ਜਾਣਕਾਰੀ"

**ਪੁਸਤਕ ਦਾ ਨਾਂ – ਜਿਗਰੀ (ਤੇਲਗੂ ਨਾਵਲ)**
**ਨਾਵਲਕਾਰ – ਪੀ. ਅਸ਼ੋਕ ਕੁਮਾਰ**
**ਅਨੁਵਾਦ – ਤਰਸੇਮ**
**ਪੰਨੇ – 104**
**ਕੀਮਤ – 300/– ਰੁਪਏ**
**ਪ੍ਰਕਾਸ਼ਕ – ਨਵਯੁੱਗ ਪਬਲਿਸ਼ਰਸ , ਨਵੀਂ ਦਿੱਲੀ।**

ਤਰਸੇਮ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ ਹੈ। ਤਰਸੇਮ ਕਵੀ, ਬਾਲ ਸਾਹਿਤਕਾਰ, ਅਨੁਵਾਦਕ ਹੈ। ਉਸਨੇ ਹਥਲਾ ਨਾਵਲ " ਜਿਗਰੀ " ਪੀ. ਅਸ਼ੋਕ ਕੁਮਾਰ ਦੇ ਤੇਲਗੂ ਨਾਵਲ ਦਾ ਪੰਜਾਬੀ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨਾਲ ਸਾਂਝਾ ਕੀਤਾ ਹੈ। ਭਾਵੇਂ ਨਾਵਲ ਦੀ ਪਹਿਲੀ ਦਿੱਖ ਤੋਂ ਇਹ ਬਾਲ ਨਾਵਲ ਲਗਦਾ ਹੈ ਪਰ ਮਨੁੱਖ ਦਾ ਜਾਨਵਰਾਂ ਨਾਲ ਪ੍ਰੇਮ, ਉਹਨਾਂ ਤੋਂ ਕੰਮ ਕਰਵਾ ਕੇ ਆਪਣੇ ਗੁਜ਼ਾਰੇ ਲਈ ਆਮਦਨ ਦਾ ਵਸੀਲਾ ਵੀ ਬਣਦਾ ਦਿਖਾਇਆ ਹੈ। ਨਾਵਲ ਦਾ ਮਨੁੱਖੀ ਮੁੱਖ ਪਾਤਰ ਇਮਾਮ ਅਤੇ ਜਾਨਵਰਾਂ ਵਿਚੋਂ ਸਾਦੂਲ (ਰਿੱਛ) ਹੈ।

ਇਸ ਨਾਵਲ ਵਿਚੋਂ ਲੰਘਦਿਆਂ ਮਦਾਰੀ ਇਮਾਮ ਦੀ ਪਤਨੀ ਬੀਬੰਮਾ, ਪੁੱਤਰ ਚਾਂਦ ਸਹਿ ਪਾਤਰ ਹਨ। ਲੋਕਾਂ ਭਾਣੇ ਇਮਾਮ ਰਿੱਛ ਵਾਲਾ ਜਾਂ ਫ਼ਕੀਰ ਮੀਆਂ ਹੈ। ਚਾਂਦ ਅਤੇ ਸਾਦੂਲ ਦਾ ਵੀਹ ਸਾਲ ਪੁਰਾਣਾ ਵਾਸਤਾ ਹੈ ਜਿਸ ਨੂੰ ਇਮਾਮ ਦੀ ਘਰਵਾਲੀ ਬੇਟਾ ਹੀ ਸਮਝਦੀ ਹੈ ਅਤੇ ਆਪਣਾ ਦੁੱਧ ਪਿਲਾ ਕੇ ਪਾਲਦੀ ਹੈ। ਮੰਡਲ ਰੇਵਨਿਊ ਅਫਸਰ ਵਲੋਂ ਉਹਨਾਂ ਨੂੰ ਦੋ ਏਕੜ ਜ਼ਮੀਨ ਮਿਲਣੀ ਹੈ ਪਰ ਸ਼ਰਤ ਇਹ ਹੈ ਕਿ ਉਹਨਾਂ ਕੋਲ ਰਿੱਛ ਨਹੀਂ ਹੋਣਾ ਚਾਹੀਦਾ ਜਿਸ ਕਰਕੇ ਇਮਾਮ ਉਸ ਨੂੰ ਵੇਚਣ ਲਈ ਸ਼ਹਿਰ ਲੈਕੇ ਜਾਂਦਾ ਹੈ ਪਰ ਵਾਪਿਸ ਆ ਜਾਂਦਾ ਹੈ। ਭਾਵੇਂ ਕੋਈ ਇਨਸਾਨ ਹੋਵੇ ਜਾਂ ਜਾਨਵਰ ਜਿਹੜਾ ਕਰੀਬ ਵੀਹ ਸਾਲ ਨਾਲ ਰਿਹਾ ਹੋਵੇ ਉਸ ਨੂੰ ਛੱਡਣਾ ਬੜਾ ਔਖਾ ਜਾਪਦਾ ਹੈ। ਇਸੇ ਕਰਕੇ ਪਿਓ ਪੁੱਤਰ ਵਿਚ ਤਕਰਾਰ ਹੋ ਜਾਂਦੀ ਹੈ ਅਤੇ ਪੁੱਤਰ ਚਾਂਦ ਜਮੀਨ ਲਈ ਉਸ ਨੂੰ ਜ਼ਮੀਨ ਵਿਚ ਦੱਬਣਾ ਚਾਹੁੰਦਾ ਹੈ ਜਿਸ ਤੋਂ ਇਮਾਮ ਦੁੱਖੀ ਹੈ।

ਇਮਾਮ ਦਾ ਰਿੱਛਾਂ ਦੇ ਖੇਡੇ ਪਾਉਣੇ ਪਿਤਾ ਪੁਰਖੀ ਕੰਮ ਹੈਂ। ਬੀਬੰਮਾ ਦੇ ਪੇਕਿਆਂ ਦੇ ਰਿੱਛ ਦੀ ਗੱਲ ਵੀ ਚੱਲਦੀ ਹੈ ਕਿ ਇਕਵਾਰ ਮੀਂਹ ਕਾਰਨ ਉਸਦੇ ਪਿਤਾ ਰਸੂਲ ਅਤੇ ਰਿੱਛ ਨੂੰ ਗ੍ਰਾਮ ਦੇਵਤਾ ਯਾਲਮਾ ਦੇ ਮੰਦਰ ਵਿਚ ਰੁਕਣਾ ਪਿਆ ਪਰ ਉਸ ਦੇ ਮਲ ਮੂਤਰ ਕਾਰਨ ਮੰਦਰ ਅਪਵਿੱਤਰ ਮੰਨਿਆ ਗਿਆ। ਰਿੱਛ ਦੇ ਹਲਕਣ ਕਾਰਨ ਉਸ ਨੂੰ ਮਾਰਨਾ ਪਿਆ। ਸਾਦੂਲ ਨੂੰ ਸਿੱਖਣ ਲਈ ਛੇ ਮਹੀਨੇ ਲਗੇ। ਉਹਨਾਂ ਲੋਕਾਂ ਲਈ ਰਿੱਛ ਤ੍ਰੇਤਾ ਯੁੱਗ ' ਚ ਰਾਮ ਦਾ ਮੰਤਰੀ ਅਤੇ ਦਵਾਪਰ ਯੁੱਗ ' ਚ ਕ੍ਰਿਸ਼ਨ ਦੇ ਨਾਲ ਹੋਏ ਦਵੰਦ ਯੁੱਧ ਵਿੱਚ ਹਾਰਨ ਬਾਅਦ ਆਪਣੀ ਪੁੱਤਰੀ ਜਾਂਬਵਤੀ ਦੇ ਨਾਲ ਰੋਜ ਸੋਨਾ




ਦੇਣ ਅਤੇ ਸੰਕਟਾਂ ਤੋਂ ਰੱਖਿਆ ਕਰਨ ਦੀ ਸ਼ਕਤੀ ਰੱਖਣ ਵਾਲੀ ਸਾਯਮੰਤਕ ਮਣੀ ਅਰਪਿਤ ਕਰਨ ਵਾਲੇ ਜਾਂਬਵਾਨ ਦਾ ਪ੍ਰਤੀ ਰੂਪ ਅਤੇ ਸ਼ਕਤੀ ਦਾ ਪ੍ਰਤੀਕ ਹੈ।ਨਾਵਲ ਵਿਚ ਆਇਆ ਹੈ ਕਿ ਅਕਾਲ ਸਮੇਂ ਵੀ ਸਾਦੂਲ ਦੇ ਖੇਡਿਆ ਨਾਲ ਉਹਨਾਂ ਦੇ ਪਰਿਵਾਰ ਦਾ ਢਿੱਡ ਭਰਦਾ ਰਿਹਾ। ਰਿੱਛ ਕੁੱਤਿਆਂ ਤੋਂ ਡਰਦਾ ਹੈ, ਇਸੇ ਲਈ ਉਹ ਬਾਹਰ ਗਿਆ ਡਰ ਕੇ ਭੱਜ ਗਿਆ ਸੀ ਤੇ ਇਕ ਕਿਸਾਨ ਵਲੋਂਨਿਸ ਸ਼ਰਤ ਤੇ ਉਸ ਦੀ ਜਾਣਕਾਰੀ ਦਿੱਤੀ ਕਿ ਇਮਾਮ ਉਸ ਦੇ ਖੇਤਾਂ ਵਿੱਚ ਝੋਨੇ ਦੀ ਵਾਢੀ ਕਰੇ। ਚਾਂਦ ਅਤੇ ਸਾਦੂਲ ਦੀ ਦੁਸ਼ਮਣੀ ਇਸ ਗੱਲ ਤੋਂ ਪਤਾ ਲਗਦੀ ਹੈ ਕਿ ਚਾਂਦ ਉਸ ਨੂੰ ਕੁਟਦਾ ਹੈ, ਮਾਰਨਾ ਚਾਹੁੰਦਾ ਹੈ ਜਿਸ ਨੂੰ ਬਰਦਾਸ਼ਤ ਨਾ ਕਰਦਿਆਂ ਉਸ ਵਲੋਂ ਚਾਂਦ ਦਾ ਵਿਰੋਧ ਕਰਦਾ ਹੈ। ਨਾਵਲ ਵਿਚ ਮੱਲਾ ਰੇਡੀ ਨਾਲ ਰਿੱਛ ਦਾ ਮੁਕਾਬਲਾ, ਨਵੇਂ ਆਏ ਥਾਣੇਦਾਰ ਦਾ ਹਮ ਜਾਤ ਹੋਣ ਕਰਕੇ ਨਰਮ ਵਤੀਰਾ ਅਤੇ ਪੁਰਾਣੇ ਕਿੱਸਿਆਂ ਦੀ ਯਾਦ ਕਈ ਮੋੜ ਦਿੰਦਾ ਹੈ। ਰਿੱਛ ਦੇ ਸੰਭੋਗ ਕਰਨ ਅਤੇ ਉਸ ਦੇ ਕਾਮ ਨੂੰ ਸ਼ਾਂਤ ਕਰਨ ਲਈ ਤਰ੍ਹਾਂ ਤਰ੍ਹਾਂ ਦੀਆਂ ਜੜੀਆਂ ਬੂਟੀਆਂ ਦੀ ਵਰਤੋਂ ਦੀ ਜਾਣਕਾਰੀ ਵੀ ਮਿਲਦੀ ਹੈ। ਆਪਣੇ ਪੁੱਤਰ ਚਾਂਦ ਦੀ ਜਿੱਦ ਅਤੇ ਸਾਦੂਲ ਦੇ ਪ੍ਰੇਮ ਕਰਕੇ ਦੁਚਿੱਤੀ ਵਿਚ ਹੈ ਕਿ ਕਿਸ ਨੂੰ ਜਿਉਂਦਾ ਰੱਖੇ। ਜੇਕਰ ਚਾਂਦ ਦੀ ਗੱਲ ਮੰਨਦਾ ਹੈ ਤਾਂ ਸਾਦੂਲ ਨੂੰ ਛੱਡਣਾ ਪੈਂਦਾ ਹੈ ਤੇ ਜੇਕਰ ਸਾਦੂਲ ਨੂੰ ਰੱਖਣਾ ਜ਼ਰੂਰੀ ਹੈ ਤਾਂ ਉਸ ਦਾ ਪੁੱਤਰ ਮਰਨ ਲਈ ਬਾ ਜਿੱਦ ਹੈ। ਅਖੀਰ ਵਿੱਚ ਉਹ ਸਾਦੂਲ ਨੂੰ ਉਸ ਦੇ ਖਾਣੇ ਵਿਚ ਕੁੱਤੇ ਮਾਰ ਦਵਾਈ ਪਾ ਕੇ ਮਾਰਨ ਲਈ ਬਾਹਰ ਲੈਕੇ ਜਾਂਦਾ ਹੈ ਪਰ ਵਾਪਿਸ ਨਹੀਂ ਮੁੜਦਾ।

ਨਾਵਲ ਦੇ ਆਖਰੀ ਪੰਨਿਆਂ ਤੇ ਪੁਨਰ ਕਥਨ ਸਿਰਲੇਖ ਹੇਠ ਰਿੱਛ ਜਾਤੀ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਉਸਦੇ ਖਾਣ ਪੀਣ ਬਾਰੇ। ਇਕ ਪਾਸੇ ਉਸ ਨੂੰ ਸ਼ਾਕਾਹਾਰੀ ਦਸਿਆ ਗਿਆ ਹੈ ਤੇ ਦੂਜੇ ਪਾਸੇ ਕੀੜੀਆਂ ਅਤੇ ਸਿਉਂਕ ਦਾ ਸੇਵਨ ਵੀ ਕਰਦਾ ਦੱਸਿਆ ਹੈ। ਸ਼ਹਿਦ ਉਸ ਦਾ ਮਨ ਭਾਉਂਦਾ ਖਾਣਾ ਹੈ। ਨਾਵਲ ਦੇ ਹਿੰਦੀ ਅਨੁਵਾਦ ਤੋਂ ਬਾਅਦ ਲਗਭਗ ਅੱਠ ਭਾਸ਼ਾਵਾਂ ਵਿੱਚ ਅਨੁਵਾਦ ਹੋਇਆ ਦੱਸਿਆ ਹੈ ਪਰ ਨਾਵਲ ਦਾ ਸਿਰਲੇਖ ਜਿਗਰੀ ਕਿਵੇਂ ਰੱਖਿਆ ਦਾ ਪਤਾ ਨਹੀਂ ਲਗਦਾ।

ਬੇਸ਼ੱਕ ਇਹ ਨਾਵਲ ਪਾਠਕਾਂ ਵਿਚ ਦਿਲਚਸਪੀ ਪੈਦਾ ਕਰਦਾ ਹੈ ਅਤੇ ਨਾਲ ਹੀ ਰਿੱਛ ਜਾਤੀ ਬਾਰੇ ਭਰਪੂਰ ਜਾਣਕਾਰੀ ਦੱਸਦਾ ਹੈ। ਇਸ ਕਾਰਜ ਲਈ ਤਰਸੇਮ ਨੂੰ ਮੁਬਾਰਕਾਂ।

ਸਮਾਜ ਵੀਕਲੀ ਨਿਊਜ਼



**ਰਿਵਿਊਕਾਰ**
**ਤੇਜਿੰਦਰ ਚੰਡਿਹੋਕ**
**ਸਾਬਕਾ ਏ ਐਸ ਪੀ**
**(ਰਾਸ਼ਟਰਪਤੀ ਤੋਂ ਐਵਾਰਡ ਪ੍ਰਾਪਤ)**
**ਸੰਸ. ਅਤੇ ਪ੍ਰਧਾਨ ਲੇਖਕ ਪਾਠਕ ਸਾਹਿਤ ਸਭਾ ਰਜਿ ਬਰਨਾਲਾ।**
**ਸੰਪਰਕ ਨੰਬਰ 95010-00224**



# ਮਿਲਾਵਟ ਦਾ ਘਾਤਕ ਖ਼ਤਰਾ

ਭੋਜਨ ਮਨੁੱਖੀ ਜੀਵਨ ਦੀ ਮੁੱਢਲੀ ਲੋੜ ਹੈ। ਇਹ ਸਰੀਰ ਨੂੰ ਪੋਸ਼ਣ ਪ੍ਰਦਾਨ ਕਰਦਾ ਹੈ, ਰੋਗ-ਰੋਕਣ ਦੀ ਸਮਰੱਥਾ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਵਿਅਕਤੀ ਨੂੰ ਸਿਹਤਮੰਦ ਅਤੇ ਉਤਪਾਦਕ ਜੀਵਨ ਜੀਊਣ ਯੋਗ ਬਣਾਉਂਦਾ ਹੈ। ਪਰ ਅਫ਼ਸੋਸ ਦੀ ਗੱਲ ਹੈ ਕਿ ਅੱਜਕੱਲ੍ਹ ਮਿਲਾਵਟ ਦੀ ਵੱਧ ਰਹੀ ਬੁਰਾਈ ਲੋਕਾਂ ਦੀ ਸਿਹਤ ਅਤੇ ਉਪਭੋਗਤਾ ਅਧਿਕਾਰਾਂ ਲਈ ਇੱਕ ਗੰਭੀਰ ਚੁਣੌਤੀ ਬਣ ਚੁੱਕੀ ਹੈ। ਮਿਲਾਵਟ ਕੇਵਲ ਧੋਖਾਧੜੀ ਨਹੀਂ, ਸਗੋਂ ਮਨੁੱਖਤਾ ਵਿਰੁੱਧ ਇੱਕ ਅਜਿਹਾ ਅਪਰਾਧ ਹੈ ਜੋ ਹਰ ਰੋਜ਼ ਲੱਖਾਂ ਲੋਕਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ।

ਮਿਲਾਵਟ ਦਾ ਅਰਥ ਹੈ ਖਾਣ-ਪੀਣ ਵਾਲੀਆਂ ਵਸਤੂਆਂ, ਦਵਾਈਆਂ ਅਤੇ ਹੋਰ ਉਪਭੋਗੀ ਸਮਾਨ ਦੀ ਗੁਣਵੱਤਾ ਨੂੰ ਘੱਟਾਉਣ ਲਈ ਉਨ੍ਹਾਂ ਵਿੱਚ ਘਟੀਆ, ਹਾਨੀਕਾਰਕ ਜਾਂ ਗੈਰ-ਅਧਿਕਾਰਤ ਪਦਾਰਥ ਮਿਲ-ਾਉਣਾ। ਕਈ ਵਾਰ ਲਾਭਕਾਰੀ ਤੱਤਾਂ ਨੂੰ ਕੱਢ ਕੇ ਵੀ ਉਤਪਾਦ ਦੀ ਗੁਣਵੱਤਾ ਨਾਲ ਖਿਲਵਾੜ ਕੀਤਾ ਜਾਂਦਾ ਹੈ। ਦੁੱਧ ਵਿੱਚ ਪਾਣੀ ਮਿਲਾਉਣਾ, ਮਸਾਲਿਆਂ ਵਿੱਚ ਨਕਲੀ ਰੰਗਾਂ ਦੀ ਵਰਤੋਂ, ਫਲਾਂ ਅਤੇ ਸਬਜ਼ੀਆਂ ਨੂੰ ਹਾਨੀਕਾਰਕ ਰਸਾਇਣਾਂ ਨਾਲ ਪਕਾਉਣਾ ਅਤੇ ਖਾਣ ਵਾਲੇ ਤੇਲਾਂ ਜਾਂ ਦਵਾਈਆਂ ਵਿੱਚ ਘਟੀਆ ਸਮੱਗਰੀ ਦੀ ਮਿਲਾਵਟ ਇਸ ਦੀਆਂ ਆਮ ਉਦਾਹਰਨਾਂ ਹਨ।

ਮਿਲਾਵਟ ਦੇ ਪਿੱਛੇ ਮੁੱਖ ਕਾਰਨ ਬੇਹੱਦ ਮੁਨਾਫ਼ਾ ਕਮਾਉਣ ਦੀ ਲਾਲਸਾ ਹੈ। ਕੁਝ ਬੇਈਮਾਨ ਵਪਾਰੀ ਲੋਕਾਂ ਦੀ ਸਿਹਤ ਨੂੰ ਅਣਡਿੱਠਾ ਕਰਕੇ ਆਪਣੇ ਆਰਥਿਕ ਲਾਭ ਨੂੰ ਤਰਜ਼ੀਹ ਦਿੰਦੇ ਹਨ ਅਤੇ ਆਪਣੇ ਕਰਤੂਤਾਂ ਦੇ ਭਿਆਨਕ ਨਤੀਜ਼ਿਆਂ ਦੀ ਕੋਈ ਪਰਵਾਹ ਨਹੀਂ ਕਰਦੇ।

ਮਿਲਾਵਟੀ ਵਸਤੂਆਂ ਦੇ ਪ੍ਰਭਾਵ ਆਮ ਤਕਲੀਫ਼ ਤੋਂ ਲੈ ਕੇ ਜਾਨ-ਲੇਵਾ ਬਿਮਾਰੀਆਂ ਤੱਕ ਹੋ ਸਕਦੇ ਹਨ। ਇਨ੍ਹਾਂ ਦੇ ਸੇਵਨ ਨਾਲ ਖੁਰਾਕੀ ਜ਼ਹਿਰ, ਪਾਚਨ ਸੰਬੰਧੀ ਰੋਗ, ਐਲਰਜੀ, ਚਮੜੀ ਦੀਆਂ ਬਿਮਾਰੀਆਂ, ਜਿਗਰ ਅਤੇ ਗੁਰਦਿਆਂ ਨੂੰ ਨੁਕਸਾਨ, ਰੋਗ-ਰੋਕਣ ਦੀ ਸਮਰੱਥਾ ਵਿੱਚ ਕਮੀ ਅਤੇ ਪੋਸ਼ਣ ਦੀ ਘਾਟ ਵਰਗੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਬੱਚਿਆਂ ਵਿੱਚ ਵਿਕਾਸ ਸੰਬੰਧੀ ਰੁਕਾਵਟਾਂ, ਹਾਰਮੋਨਲ ਅਸੰਤੁਲਨ ਅਤੇ ਜ਼ਹਿਰੀਲੇ ਰਸਾਇਣਾਂ ਕਾਰਨ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਲੰਬੇ ਸਮੇਂ ਤੱਕ ਮਿਲਾਵਟੀ ਪਦਾਰਥਾਂ ਦੀ ਵਰਤੋਂ ਕਾਰਨ ਗੰਭੀਰ ਬਿਮਾਰੀਆਂ ਅਤੇ ਅਕਾਲ ਮੌਤ ਤੱਕ ਹੋ ਸਕਦੀ ਹੈ।

ਬੱਚੇ, ਗਰਭਵਤੀ ਮਹਿਲਾਵਾਂ, ਬਜ਼ੁਰਗ ਅਤੇ ਕਮਜ਼ੋਰ ਰੋਗ-ਰੋਕਣ ਦੀ ਸਮਰੱਥਾ ਵਾਲੇ ਲੋਕ ਇਸ ਦੇ ਸਭ ਤੋਂ ਵੱਡੇ ਸ਼ਿਕਾਰ ਬਣਦੇ ਹਨ। ਕਈ ਵਾਰ ਲੋਕਾਂ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਹ ਲੰਬੇ ਸਮੇਂ ਤੋਂ ਮਿਲਾਵਟੀ ਅਤੇ ਹਾਨੀਕਾਰਕ ਵਸਤੂਆਂ ਦੀ ਵਰਤੋਂ ਕਰ ਰਹੇ ਹਨ।

ਮਿਲਾਵਟ ਦੇ ਵੱਧਣ ਦੇ ਕਈ ਕਾਰਨ ਹਨ। ਤੁਰੰਤ ਲਾਭ ਕਮਾਉਣ ਦੀ ਲਾਲਚ, ਮਿਲਾਵਟ ਵਿਰੋਧੀ ਨਿਯਮਾਂ ਨੂੰ ਕਮਜ਼ੋਰ ਤਰੀਕੇ ਨਾਲ ਲਾਗੂ ਕਰਨਾ, ਉਪਭੋਗਤਾਵਾਂ ਵਿੱਚ ਜਾਗਰੂਕਤਾ ਦੀ ਘਾਟ, ਖਾਣ-ਪੀਣ ਵਾਲੀਆਂ ਵਸਤੂਆਂ ਦੀ ਵੱਧਦੀ ਮੰਗ ਅਤੇ ਨਿਗਰਾਨੀ ਪ੍ਰਣਾਲੀ ਵਿੱਚ ਮੌਜੂਦ ਕਮੀਆਂ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾਉਂਦੀਆਂ ਹਨ। ਮਿਲਾਵਟ ਕੋਈ ਛੋਟਾ-ਮੋਟਾ ਅਪਰਾਧ ਨਹੀਂ ਹੈ। ਇਹ ਸਿੱਧੇ ਤੌਰ 'ਤੇ ਲੋਕਾਂ ਦੀ ਸਿਹਤ ਅਤੇ ਜ਼ਿੰਦਗੀਆਂ ਨਾਲ ਜੁੜਿਆ ਹੋਇਆ ਹੈ। ਇਸ ਲਈ ਸਰਕਾਰਾਂ ਅਤੇ ਨਿਯੰਤਰਕ ਏਜੰਸੀਆਂ ਨੂੰ ਮਿਲਾਵਟਖੋਰਾਂ ਖ਼ਿਲਾਫ਼ ਜ਼ੀਰੋ-ਟੋਲਰੈਂਸ ਨੀਤੀ ਅਪਣਾਉਣੀ ਚਾਹੀਦੀ ਹੈ। ਨਿਯਮਿਤ ਜਾਂਚਾਂ, ਆਧੁਨਿਕ ਪ੍ਰਯੋਗਸ਼ਾਲਾਵਾਂ, ਅਚਾਨਕ ਛਾਪੇ ਅਤੇ ਸਪਲਾਈ ਲੜੀ ਦੀ ਸਖ਼ਤ ਨਿਗਰਾਨੀ ਸਮੇਂ ਦੀ ਲੋੜ ਹਨ। ਖੁਰਾਕ ਸੁਰੱਖਿਆ ਸੰਸਥਾਵਾਂ ਨੂੰ ਲੋੜੀਂਦੇ ਸਰੋਤ ਅਤੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕੀਤੀ ਜਾ ਸਕੇ।

ਸਖ਼ਤ ਸਜ਼ਾਵਾਂ ਹੀ ਬਣ ਸਕਦੀਆਂ ਹਨ ਪ੍ਰਭਾਵਸ਼ਾਲੀ ਰੋਕ ਮਿਲਾਵਟ ਵਿਰੁੱਧ ਜੰਗ ਸਖ਼ਤ ਸਜ਼ਾਵਾਂ ਤੋਂ ਬਿਨਾਂ ਨਹੀਂ ਜਿੱਤੀ ਜਾ ਸਕਦੀ। ਜਾਣ-ਬੁੱਝ ਕੇ ਮਿਲਾਵਟ ਕਰਨ ਵਾਲੇ ਵਿਅਕਤੀਆਂ ਅਤੇ ਕਾਰੋਬਾਰਾਂ ਨੂੰ ਭਾਰੀ ਜੁਰਮਾਨੇ, ਲਾਇਸੈਂਸ ਰੱਦ ਕਰਨ, ਕਾਰੋਬਾਰ ਬੰਦ ਕਰਨ, ਜਨਤਕ ਤੌਰ 'ਤੇ ਨਾਮ ਉਜਾਗਰ ਕਰਨ ਅਤੇ ਗੰਭੀਰ ਮਾਮਲਿਆਂ ਵਿੱਚ ਲੰਬੀ ਕੈਦ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਜੇਕਰ ਮਿਲਾਵਟ ਕਾਰਨ ਕਿਸੇ ਦੀ ਗੰਭੀਰ ਬਿਮਾਰੀ ਜਾਂ ਮੌਤ ਹੁੰਦੀ ਹੈ ਤਾਂ ਹੋਰ ਵੀ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ।

ਜਦੋਂ ਅਪਰਾਧ ਤੋਂ ਹੋਣ ਵਾਲੇ ਲਾਭ ਨਾਲੋਂ ਸਜ਼ਾ ਦਾ ਡਰ ਵੱਧ ਹੋਵੇਗਾ, ਤਦ ਹੀ ਮਿਲਾਵਟਖੋਰ ਅਜਿਹੇ ਮਾੜੇ ਕੰਮ ਕਰਨ ਤੋਂ ਪਹਿਲਾਂ ਸੋਚਣਗੇ।

ਇਸ ਲੜਾਈ ਵਿੱਚ ਆਮ ਨਾਗਰਿਕਾਂ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਉਪਭੋਗਤਾਵਾਂ ਨੂੰ ਭਰੋਸੇਯੋਗ ਥਾਵਾਂ ਤੋਂ ਸਮਾਨ ਖਰੀਦਣਾ ਚਾਹੀਦਾ ਹੈ, ਗੁਣਵੱਤਾ ਪ੍ਰਮਾਣ-ਪੱਤਰਾਂ ਦੀ ਜਾਂਚ ਕਰਨੀ ਚਾਹੀਦੀ ਹੈ, ਸ਼ੱਕੀ ਉਤਪਾਦਾਂ ਦੀ ਸ਼ਿਕਾਇਤ ਕਰਨੀ ਚਾਹੀਦੀ ਹੈ ਅਤੇ ਆਪਣੇ ਪਰਿਵਾਰ ਤੇ ਸਮਾਜ ਵਿੱਚ ਜਾਗਰੂਕਤਾ ਫੈਲਾਉਣੀ ਚਾਹੀਦੀ ਹੈ। ਜਾਗਰੂਕ ਅਤੇ ਸੁਚੇਤ ਨਾਗਰਿਕ ਮਿਲਾਵਟ ਵਿਰੁੱਧ ਪਹਿਲੀ ਰੱਖਿਆ ਰੇਖਾ ਸਾਬਤ ਹੋ ਸਕਦੇ ਹਨ।

ਅੰਤ ਵਿੱਚ, ਮਿਲਾਵਟ ਇੱਕ ਅਜਿਹਾ ਘਾਤਕ ਖ਼ਤਰਾ ਹੈ ਜੋ ਲੋਕਾਂ ਦੀ ਸਿਹਤ, ਉਪਭੋਗਤਾ ਵਿਸ਼ਵਾਸ ਅਤੇ ਸਮਾਜਿਕ ਭਲਾਈ ਨੂੰ ਖੋਖਲਾ ਕਰ ਰਿਹਾ ਹੈ। ਇਹ ਇੱਕ ਅਨੈਤਿਕ ਅਤੇ ਅਪਰਾਧਿਕ ਪ੍ਰਥਾ ਹੈ ਜੋ ਕੁਝ ਪੈਸਿਆਂ ਦੀ ਖ਼ਾਤਰ ਮਨੁੱਖੀ ਜ਼ਿੰਦਗੀਆਂ ਨੂੰ ਦਾਅ 'ਤੇ ਲਗਾ ਦਿੰਦੀ ਹੈ। ਇਸ ਬੁਰਾਈ ਨੂੰ ਖਤਮ ਕਰਨ ਲਈ ਸਰਕਾਰਾਂ, ਨਿਯੰਤਰਣ ਏਜੰਸੀਆਂ, ਕਾਰੋਬਾਰੀ ਸੰਸਥਾਵਾਂ ਅਤੇ ਨਾਗਰਿਕਾਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਸਖ਼ਤ ਕਾਨੂੰਨ, ਨਿਰਪੱਖ ਜਾਂਚ ਅਤੇ ਸਖ਼ਤ ਸਜ਼ਾਵਾਂ ਹੀ ਇਸ ਸਮੱਸਿਆ ਦਾ ਪ੍ਰਭਾਵਸ਼ਾਲੀ ਹੱਲ ਹਨ। ਕਿਸੇ ਵੀ ਰਾਸ਼ਟਰ ਦੀ ਤਰੱਕੀ ਉਸ ਦੇ ਨਾਗਰਿਕਾਂ ਦੀ ਸਿਹਤ 'ਤੇ ਨਿਰਭਰ ਕਰਦੀ ਹੈ, ਅਤੇ ਸੁਰੱਖਿਅਤ, ਸ਼ੁੱਧ ਅਤੇ ਪੌਸ਼ਟਿਕ ਵਸਤੂਆਂ ਹਰ ਨਾਗਰਿਕ ਦਾ ਬੁਨਿਆਦੀ ਅਧਿਕਾਰ ਹਨ।



**ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

# ਜੇਹਾ ਮੈ ਜਾਣਿਆ,ਓਸ਼ੋ ਉਰਫ ਰਜਨੀਸ਼ ਅਚਾਰੀਆ ਨੂੰ

ਚੰਦਰ ਮੋਹਨ ਜੈਨ ਉਰਫ ਅਚਾਰੀਆ ਰਜਨੀਸ਼ ਉਰਫ ਭਗਵਾਨ ਰਜਨੀਸ਼ ਅਚਾਰੀਆ ਉਰਫ਼ ਓਸ਼ੋ ਨੂੰ ਜਾਨਣਾ ਇਤਨਾ ਅਸਾਨ ਨਹੀਂ ਅਤੇ ਜਿਸਨੂੰ ਚੰਗੀ ਤਰ੍ਹਾਂ ਜਾਣਿਆਂ ਹੀ ਨਾ ਜਾ ਸਕੇ, ਉਸ ਵਾਰੇ ਕੋਈ ਕੀ ਲਿਖ ਸਕੇ ਗਾ।ਓਸ਼ੋ,ਇੱਕ ਦਾਰਸ਼ਨਿਕ ਹੋਣ ਦੇ ਨਾਲ ਨਾਲ ਇੱਕ ਅਧਿਆਤਮਕ ਗੁਰੂ,ਇੱਕ ਫਿਲਾਸਫਰ ਅਤੇ ਇੱਕ ਲੇਖਕ ਵੀ ਸੀ। ਮੈਂ ਓਸ਼ੋ ਨੂੰ ਜਿਆਦਾ ਨਹੀਂ ਪੜਿਆ,ਪਰ ਜਿੰਨਾ ਕੁ ਪੜਿਆ, ਉਸ ਤੋਂ ਇਹ ਹੀ ਮਹਿਸੂਸ ਹੋਇਆ ਕਿ ਉਹ ਵਿਦਰੋਹੀ ਸੁਭਾਅ ਦਾ ਮਾਲਕ ਸੀ।ਬੇਸ਼ਕ ਓਸ਼ੋ ਕਦੇ ਵੀ,ਕਿਸੇ ਵੀ,ਧਰਮ ਦੇ ਵਿਰੁੱਧ ਕੁਝ ਨਹੀਂ ਬੋਲਿਆ ਪਰ ਉਸਨੇ ਸੰਸਥਾਗਤ ਧਰਮਾਂ ਨੂੰ ਰੱਦ ਕਰ ਦਿੱਤਾ ਸੀ।ਧਾਰਮਿਕ ਮਾਨਤਾਵਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਨੂੰ ਦਰਕਿਨਾਰ ਕਰ ਕੇ, ਕਾਮੁਕਤਾ ਅਤੇ ਅਧਿਆਮਿਕਤਾ ਦੇ ਸੁਮੇਲ ਨਾਲ ਇੱਕ ਐਸੀ ਰਜਨੀਸ਼ ਲਹਿਰ ਚਲਾਈ ਕਿ ਐਸ਼ ਪ੍ਰਸਤ ਅਤਿ ਅਮੀਰ ਲੋਕ ਇਸ ਲਹਿਰ ਨਾਲ ਜੁੜਦੇ ਚਲੇ ਗਏ ਸਨ।ਉਸ ਦੇ ਪੈਰੋਕਾਰਾਂ ਵਿੱਚ ਫਿਲਮ ਜਗਤ ਦੇ ਮਸ਼ਹੂਰ ਕਲਾਕਾਰਾਂ ਦੀ ਭੀੜ ਹੋਇਆ ਕਰਦੀ ਸੀ।"ਸੰਭੋਗ ਤੋਂ ਸਮਾਧੀ ਤੱਕ" ਵਰਗੇ,ਆਪਣੇ ਬਿੰਦਾਸ ਵਿਚਾਰਾਂ ਕਾਰਣ ਉਹ,ਐਸ਼ਪ੍ਰਸਤ ਅਤਿ ਅਮੀਰ ਲੋਕਾਂ ਦਾ ਭਗਵਾਨ ਬਣ ਗਿਆ ਸੀ,ਜਦੋਂਕਿ ਮੇਰੀ ਨਜ਼ਰ ਵਿੱਚ ਉਹ ਇੱਕ ਅਜਿਹਾ ਨਾਸਤਿਕ ਵਿਆਕਤੀ ਸੀ,ਜਿਸ ਨੇ ਧਰਮ ਦਾ ਹੀ ਸਹਾਰਾ ਲੈ ਕੇ ਆਪਣਾ ਸਾਮਰਾਜ ਖੜਾ ਕੀਤਾ ਸੀ।ਜੋ ਦਿਖਾਵੇ ਲਈ ਹਰ ਧਰਮ ਦਾ ਸਤਿਕਾਰ ਕਰਦਾ ਸੀ,ਪਰ ਧਾਰਮਿਕ ਮਰਿਆਦਾਵਾਂ ਨੂੰ ਨਹੀਂ ਮੰਨਦਾ ਸੀ।ਦੁਨੀਆਂ ਦੇ ਸਾਰੇ ਧਰਮ ਇੱਕ ਹੀ ਫਿਲਾਸਫੀ 'ਤੇ ਚੱਲਦੇ ਹਨ ਕਿ ਆਪਣੇ ਮਨ ਦੇ ਵਿਕਾਰ,ਮਤਲਬ ਕਾਮ,ਕਰੋਧ, ਲੋਭ,ਮੋਹ ਅਤੇ ਹੰਕਾਰ ਦਾ ਤਿਆਗ ਕਰਕੇ,ਸਾਂਤ ਮਨ ਨਾਲ ਕੀਤੀ ਭਗਤੀ/ਤਪੱਸਿਆ ਨਾਲ ਹੀ ਪਰਮਾਤਮਾ ਨੂੰ ਪਾਇਆ ਜਾ ਸਕਦਾ ਹੈ। ਪਰ ਰਜਨੀਸ਼ ਨੇ ਸਾਰੇ ਧਰਮਾਂ ਦੀ ਇਸ ਮੁਢਲੀ ਫਿਲਾਸਫੀ ਨੂੰ ਹੀ ਬਦਲ ਕੇ ਰੱਖ ਦਿੱਤਾ ਸੀ।ਉਸ ਦਾ ਵਿਚਾਰ ਸੀ ਕਿ ਸਮਾਧੀ ਲਾਉਣ ਤੋਂ ਪਹਿਲਾਂ ਮਨ ਦੇ ਵਿਕਾਰਾਂ ਦਾ ਤਿਆਗ ਨਹੀਂ ਬਲਕਿ ਉਨ੍ਹਾਂ ਨੂੰ ਭੋਗ ਕੇ ਮਨ ਸਾਂਤ ਕਰਨਾ ਚਾਹੀਦਾ ਹੈ। ਇਹ ਜੋ ਉਸਨੇ ਸਮਾਧੀ ਤੋਂ ਪਹਿਲਾਂ ਭੋਗ ਲਾਉਣ ਦੀ ਫਿਲਾਸਫੀ ਦਿੱਤੀ ਸੀ,ਇਸੇ ਨੇ ਉਸਨੂੰ ਅਤਿ ਅਮੀਰ ਲੋਕਾਂ ਦਾ ਭਗਵਾਨ ਬਣਾ ਦਿੱਤਾ ਸੀ।ਅਤੇ ਜਦੋਂ ਇਹਨਾਂ ਲੋਕਾਂ ਦਾ ਸੰਭੋਗ ਤੋਂ ਬਾਅਦ ਸਮਾਧੀ ਦਾ ਨਸ਼ਾ ਟੁੱਟਾ ਉਦੋਂ ਤੱਕ ਕਈ ਪਰਿਵਾਰ ਟੁੱਟ ਚੁੱਕੇ ਸਨ।

ਮੇਰੀ ਨਜ਼ਰ 'ਚ,ਚੰਦਰ ਮੋਹਨ ਜੈਨ ਅਤਿ ਅਮੀਰ ਲੋਕਾਂ ਦੀਆਂ ਲਾਲਸਾਵਾਂ,ਕਾਮ ਪਰਵਿਰਤੀਆਂ ਅਤੇ ਐਸ਼ਪ੍ਰਸਤੀ ਨੂੰ ਸਮਝਣ ਵਾਲਾ ਇੱਕ ਫਿਲਾਸਫਰ ਸੀ।ਕੋਈ ਅਚਾਰੀਆ ਜਾਂ ਭਗਵਾਨ ਨਹੀਂ ਸੀ।ਕਿਉਂਕਿ ਭਗਵਾਨ ਦੇ ਦਰਵਾਜ਼ੇ ਸੱਭ ਲਈ ਖੁੱਲੇ ਹੁੰਦੇ ਹਨ ਜਦਕਿ ਕੋਈ ਆਮ ਲੋਕ ਰਜਨੀਸ਼ ਆਸ਼ਰਮ ਦੇ ਲਾਗੇ ਫੱੜਕ ਵੀ ਨਹੀਂ ਸਕਦੇ ਸਨ।ਉਸ ਦੇ ਆਸ਼ਰਮ ( ਓਸ਼ੋ ਆਸ਼ਰਮ ਬਾਰਾਪੁਰ ਪੂਨਾ, ਓਸ਼ੋ ਦਰਬਾਰ ਜਲੰਧਰ ਅਤੇ ਰਜਨੀਸ਼ਪੁਰਮ ਯੂ ਐਸ ਏ) ਹਮੇਸ਼ਾ ਵਿਵਾਦਾਂ ਚ ਰਹੇ ਹਨ।ਆਸ਼ਰਮ ਚ ਚਲਦੀਆਂ ਗਤੀਵਿਧੀਆਂ, ਆਸ਼ਰਮ 'ਚੋਂ ਬਾਹਰ ਨਹੀਂ ਆਉਣ ਦਿੱਤੀਆਂ ਜਾਂਦੀਆਂ ਸਨ।ਅਫਵਾਹਾਂ ਸਨ ਕਿ ਆਸ਼ਰਮ ਅੰਦਰ ਨਸ਼ਾ ਅਤੇ ਸੈਕਸ ਖੁੱਲੇਆਮ ਚਲਦਾ ਸੀ, ਅਤੇ ਗਰੁੱਪ ਸੈਕਸ ਆਮ ਗੱਲ ਸੀ। ਉਹ ਆਪ ਵੀ ਐਸ਼ ਪ੍ਰਸਤੀ ਵਾਲੀ ਜ਼ਿੰਦਗੀ ਜਿਉਂਦਾ ਸੀ।ਉਸ ਕੋਲ ਰੋਲਸ ਰਾਈਸ ਕਾਰਾਂ ਦਾ ਬੜਾ ਕਾਫਲਾ ਸੀ (ਤਕਰੀਬਨ 100 ਕਾਰਾਂ) ।ਹਰ ਤਰ੍ਹਾਂ ਦੇ ਗੈਰਕਾਨੂੰਨੀ ਕੰਮਾਂ ਵਿੱਚ ਉਸ ਦੀ ਸ਼ਮੂਲੀਅਤ ਰਹੀ ਸੀ।ਇਸੇ ਕਾਰਣ ਉਸਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦਿੱਤਾ ਗਿਆ ਸੀ।

ਇਸ ਵਿੱਚ ਕੋਈ ਸੱਕ ਨਹੀਂ ਕਿ ਰਜਨੀਸ਼ ਇੱਕ ਮਹਾਨ ਲੇਖਕ ਅਤੇ ਦਾਰਸ਼ਨਿਕ ਸੀ।ਜਿਸਨੇ ਸੈਕੜੇ ਕਿਤਾਬਾਂ ਲਿਖੀਆਂ। (ਕੁੱਲ 285 ਕਿਤਾਬਾਂ) ਗੁਰਬਾਣੀ ਦੀ ਵਿਆਖਿਆ ਤੇ ਅਧਾਰਿਤ ਲਿਖੀਆਂ ਉਸ ਦੀਆਂ ਕਿਤਾਬਾਂ ਡੂੰਗਾ ਗਿਆਨ ਦਿੰਦੀਆਂ ਹਨ। ਓਸ਼ੋ ਖੁਦ ਕਹਿੰਦਾ ਹੈ ਕਿ ਮੈ ਧਾਰਮਿਕਤਾ ਸਿਖਾਉਂਦਾ ਹਾਂ ਧਰਮ ਨਹੀਂ। ਮੇਰੀ ਨਜ਼ਰ ਵਿੱਚ ਚੰਦਰ ਮੋਹਨ ਜੈਨ ਉਰਫ਼ ਓਸ਼ੋ ਇੱਕ ਮਹਾਨ ਲੇਖਕ ਅਤੇ ਦਾਰਸ਼ਨਿਕ ਸੀ। ਕੋਈ ਭਗਵਾਨ ਜਾਂ ਅਚਾਰੀਆ ਨਹੀਂ ਸੀ।ਹੋ ਸਕਦਾ ਉਸ ਦੀਆਂ ਕੁਝ ਮਹਾਨ ਲਿਖਤਾਂ ਨੇ,ਉਸ ਨੂੰ ਕੁਝ ਲੋਕਾਂ ਦੀ ਨਜ਼ਰ ਵਿੱਚ ਉਸ ਨੂੰ ਭਗਵਾਨ ਬਣਾ ਦਿੱਤਾ ਹੋਵੇ,ਪਰ ਅਸਲ ਵਿੱਚ ਉਹ ਇੱਕ ਵਿਦਰੋਹੀ ਨਾਸਤਿਕ ਸੀ।ਜਿਸ ਦੀਆਂ ਲਿਖਤਾਂ/ਕਿਤਾਬਾਂ ਨੇ ਉਸ ਨੂੰ ਅਮਰ ਬਣਾ ਦਿੱਤਾ।



**ਗੁਰਦੀਪ ਸਿੰਘ ਮੁਕੱਦਮ**
**ਪਿੰਡ ਲਧਾਣਾ ਝਿੱਕਾ**
**9878160133**

Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com